


# ਮਹਿਕ-ਏ-ਵਤਨ
# Mehak E wattan
Monthly Newspaper



Hardev Brar
Chief Editor

• Vol-I • Issue-8 • Phone : +64,274-427-338 +64 09 3900004 • mehakewattan@gmail.com • January 2024

07 ਆਸਟ੍ਰੇਲੀਆ ਭਰ 'ਚ ਜੋਸ਼-ਖਰੋਸ਼ ਨਾਲ ਮਨਾਏ ਗਏ ਨਵੇਂ ਸਾਲ ਦੇ ਜਸ਼ਨ

10 ਜਦੋ ਇੱਕ ਡਾਲਰ ਨਾਲ ਹੀ ਘਰ ਖਰੀਦਣ ਦਾ ਨਿਸਚਾ ਕੀਤਾ ਗਿਆ

13 ਪ੍ਰਭਾਸ ਦੀ 'ਸਾਲਾਰ' ਫ਼ਿਲਮ ਦੀ ਕਮਾਈ 600 ਕਰੋੜ ਦੇ ਪਾਰ

16 ਵੱਖ ਵੱਖ ਤਰ੍ਹਾਂ ਦੇ ਸੂਪ ਬਣਾਉਣ ਦੇ ਢੰਗ



## ਵਿਆਹ ਦੇ ਬੰਧਨ 'ਚ ਬੱਝਣਗੇ ਨਿਊਜੀਲੈਂਡ ਦੇ ਸਾਬਕਾ PM ਜੈਸਿੰਡਾ ਆਰਡਰਨ ਤੇ ਕਲਾਰਕ ਗੇਫੋਰਡ



ਆਕਲੈਂਡ- ਨਿਊਜੀਲੈਂਡ ਦੀ 2 ਵਾਰ ਪ੍ਰਧਾਨ ਮੰਤਰੀ ਰਹਿ ਚੁੱਕੀ ਜੈਸਿੰਡਾ ਆਰਡਨ ਅਤੇ ਉਨ੍ਹਾਂ ਦੇ ਲਿਵਇਨ ਪਾਰਟਨਰ ਕਲਾਰਕ ਗੇਅਫੋਰਡ ਅਗਲੇ ਹਫਤੇ ਵਿਆਹ ਕਰਵਾਉਣ ਜਾ ਰਹੇ ਹਨ, ਮੀਡੀਆ ਰਿਪੋਰਟਾਂ ਦੇ ਅਨੁਸਾਰ ਨਿਊਜ਼ੀਲੈਂਡ ਦੇ ਸਾਬਕਾ ਪ੍ਰਧਾਨ ਮੰਤਰੀ ਜੈਸਿੰਡਾ ਆਰਡਰਨ ਇਸ ਮਹੀਨੇ ਆਪਣੇ ਮੰਗੇਤਰ ਕਲਾਰਕ ਗੇਫੋਰਡ ਨਾਲ ਵਿਆਹ ਦੇ ਬੰਧਨ 'ਚ ਬੱਝਣਗੇ। ਹਾਲਾਂਕਿ 43 ਸਾਲਾ ਆਰਡਰਨ ਅਤੇ 47 ਸਾਲਾ ਗੇਫੋਰਡ ਨੇ ਅਧਿਕਾਰਤ ਤੌਰ 'ਤੇ ਖਬਰਾਂ ਦੀ ਪੁਸ਼ਟੀ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਰਿਪੋਰਟਾਂ ਅਨੁਸਾਰ ਵਿਆਹ ਅਗਲੇ ਹਫ਼ਤੇ 13 ਜਨਵਰੀ ਨੂੰ ਹਾਕਸ ਬੇਅ ਵਿੱਚ ਹੋਵੇਗਾ। ਇਸ ਦੌਰਾਨ ਵਿਆਹ ਸਮਾਗਮ 'ਚ ਸਿਰਫ ਨੇੜਲੇ ਮਹਿਮਾਨ ਹੀ ਸ਼ਾਮਿਲ ਹੋਣਗੇ। ਰਿਪੋਰਟਾਂ ਮੁਤਾਬਿਕ ਪਰਿਵਾਰ, ਨਜ਼ਦੀਕੀ ਦੋਸਤ ਅਤੇ ਕਈ ਸਾਬਕਾ ਅਤੇ ਮੌਜੂਦਾ ਲੇਬਰ ਸਿਆਸਤਦਾਨ ਵਿਆਹ 'ਚ ਸ਼ਾਮਿਲ ਹੋਣਗੇ। ਜੋੜੇ ਨੇ 2019 ਵਿੱਚ ਈਸਟਰ ਬਰੇਕ ਦੌਰਾਨ ਮੰਗਣੀ ਕਰਵਾਈ ਸੀ। ਜੋੜੇ ਨੇ ਪਹਿਲਾ ਵਿਆਹ ਸਮਾਰੋਹ 2022 ਦੀ ਸ਼ੁਰੂਆਤ 'ਚ ਕਰਵਾਉਣਾ ਸੀ ਪਰ ਉਸ ਸਮੇਂ ਕੋਵਿਡ -19 ਦੇ ਕਾਰਨ ਪਾਬੰਦੀਆਂ 'ਚ ਕੀਤੇ ਵਾਧੇ ਮਗਰੋਂ ਵਿਆਹ ਨੂੰ ਮੁਲਤਵੀ ਕਰ ਦਿੱਤਾ ਗਿਆ ਸੀ।

## ਗੁਰਦੁਆਰਾ ਕਲਗੀਧਰ ਸਾਹਿਬ ਟਾਕਾਨਿਨੀ ਵਿਖੇ ਕਰਵਾਏ ਜਾਣਗੇ ਧਾਰਮਿਕ ਸਮਾਗਮ



ਆਕਲੈਂਡ- ਗੁਰਦੁਆਰਾ ਕਲਗੀਧਰ ਸਾਹਿਬ ਟਾਕਾਨਿਨੀ ਵਿਖੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ੇਸ਼ ਧਾਰਮਿਕ ਸਮਾਗਮਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸ ਮੌਕੇ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ 5 ਜਨਵਰੀ ਦਿਨ ਸ਼ੁੱਕਰਵਾਰ ਸ਼ਾਮ 5 ਵਜੇ ਪਾਏ ਜਾਣਗੇ। ਉਪਰੰਤ ਰਾਤ 9 ਵਜੇ ਤੱਕ ਕੀਰਤਨ ਦਰਬਾਰ ਸਜਾਏ ਜਾਣਗੇ। ਇਸ ਉਪਰਾਲੇ ਲਈ ਸਾਰੀ ਸੇਵਾ ਲੰਗਰਾਂ ਵਾਲੀਆਂ ਬੀਬੀਆਂ ਵਲੋਂ ਨਿਭਾਈ ਜਾ ਰਹੀ ਹੈ।ਆਪ ਸਭ ਨੂੰ ਵੱਡੀ ਗਿਣਤੀ ਵਿੱਚ ਪੁੱਜਣ ਦੀ ਬੇਨਤੀ। ਕੀਰਤਨ ਦੀ ਸੇਵਾ ਭਾਈ ਗਿਆਨੀ ਜਸਪਾਲ ਸਿੰਘਮੁੱਖ ਗ੍ਰੰਥੀ ਨਿਊ ਯਾਰਕ (ਯੂ ਐਸ ਏ), ਭਾਈ ਹਰਭੇਜ ਸਿੰਘ ਵਡਾਲਾ (ਹਜ਼ੂਰੀ ਰਾਗੀ ਦਰਬਾਰ ਸਾਹਿਬ),ਭਾਈ ਬਲਕਾਰ ਸਿੰਘ (ਲੁਧਿਆਣਾ ਵਾਲੇ), ਭਾਈ ਕਾਰਜ ਸਿੰਘ (ਹਜ਼ੂਰੀ ਰਾਗੀ ਦਰਬਾਰ ਸਾਹਿਬ) ਵਲੋਂ ਨਿਭਾਈ ਜਾਏਗੀ। ਇਸ ਮੌਕੇ ਸਾਰਾ ਦਿਨ ਗੁਰੂ ਕੇ ਖੁੱਲੇ ਲੰਗਰ ਵਰਤਾਏ ਜਾਣਗੇ।




## ਨਿਊਜ਼ੀਲੈਂਡ 'ਚ ਨਵੇਂ ਸਾਲ 2024 ਦਾ ਸ਼ਾਨਦਾਰ ਸਵਾਗਤ



ਨਿਊਜ਼ੀਲੈਂਡ ਨੇ ਸਭ ਤੋਂ ਪਹਿਲਾਂ ਸਾਲ 2024 ਦਾ ਸਵਾਗਤ ਕੀਤਾ ਹੈ।ਇਸ ਮੌਕੇ ਆਤਿਸ਼ਬਾਜ਼ੀ ਕੀਤੀ ਗਈ। ਤਾਮਾਕੀ ਮਕੌਰਾਊ ਆਕਲੈਂਡ ਨਵੇਂ ਸਾਲ ਦਾ ਸੁਆਗਤ ਕਰਨ ਵਾਲਾ ਦੁਨੀਆ ਦਾ ਪਹਿਲਾ ਵੱਡਾ ਸ਼ਹਿਰ ਹੈ।ਇਸ ਤੋਂ ਪਹਿਲਾਂ ਨਿਊਜ਼ੀਲੈਂਡ ਦੇ ਸਭ ਤੋਂ ਵੱਡੇ ਸ਼ਹਿਰ ਆਕਲੈਂਡ ਵਿਚ ਮੀਂਹ ਤੋਂ ਰਾਹਤ ਮਿਲਣ ਦੀ ਸੰਭਾਵਨਾ ਜਤਾਈ ਗਈ ਸੀ।ਨਵੇਂ ਸਾਲ ਦੀ ਸ਼ੁਰੂਆਤ ਦੇਸ਼ ਦੇ ਸਭ ਤੋਂ ਵੱਡੇ ਸਕਾਈ ਟਾਵਰ 'ਤੇ ਆਤਿਸ਼ਬਾਜ਼ੀ ਨਾਲ ਹੋਈ।ਇਸ ਤੋਂ ਬਾਅਦ ਜ਼ਮੀਨ ਤੋਂ ਲਗਭਗ 200-240 ਮੀਟਰ ਉੱਪਰ 55, 61 ਅਤੇ 64 ਦੇ ਪਧਰ 'ਤੇ ਸਥਾਪਿਤ ਤਿੰਨ ਉਦੇਸ਼ ਫਾਇਰਿੰਗ ਸਾਈਟਾਂ ਤੋਂ 500 ਕਿਲੋਗ੍ਰਾਮ ਆਤਿਸ਼ਬਾਜੀ ਲਾਂਚ ਕੀਤੀ ਗਈ।

ਇੱਥੇ ਦੱਸ ਦਈਏ ਕਿ ਦੋ ਘੰਟੇ ਬਾਅਦ ਗੁਆਂਢੀ ਦੇਸ਼ ਆਸਟ੍ਰੇਲੀਆ ਦੇ ਸਿਡਨੀ ਹਾਰਬਰ ਬ੍ਰਿਜ 'ਤੇ ਆਤਿਸ਼ਬਾਜੀ ਨਾਲ ਨਵੇਂ ਸਾਲ ਦਾ ਸਵਾਗਤ ਹੋਵੇਗਾ ਅਤੇ ਉੱਥੇ ਦੀ ਆਤਿਸ਼ਬਾਜ਼ੀ ਨੂੰ ਦੁਨੀਆ ਭਰ ਦੇ ਲਗਭਗ 42.5 ਕਰੋੜ ਲੋਕ ਦੇਖਣਗੇ।ਉਂਝ ਯੂਕ੍ਰੇਨ ਅਤੇ ਗਾਜ਼ਾ 'ਚ ਚੱਲ ਰਹੇ ਯੁੱਧ ਕਾਰਨ ਦੁਨੀਆ ਭਰ 'ਚ ਨਵੇਂ ਸਾਲ ਦਾ ਜਸ਼ਨ ਫਿੱਕਾ ਪੈ ਗਿਆ ਹੈ।ਸਿਡਨੀ 'ਚ ਐਤਵਾਰ ਸਵੇਰ ਤੋਂ ਹੀ ਕਈ ਲੋਕਾਂ ਨੇ ਨਦੀ ਦੇ ਕੰਢੇ ਡੇਰੇ ਲਾਏ ਹੋਏ ਹਨ।ਨਿਊਯਾਰਕ ਦੇ ਟਾਈਮਜ਼ ਸਕੁਏਅਰ ਵਿੱਚ ਅਧਿਕਾਰੀਆਂ ਅਤੇ ਪਾਰਟੀ ਪ੍ਰਬੰਧਕਾਂ ਨੇ ਕਿਹਾ ਕਿ ਉਹ ਵੱਡੀ ਗਿਣਤੀ ਵਿੱਚ ਲੋਕਾਂ ਦਾ ਸਵਾਗਤ ਕਰਨ ਅਤੇ ਉਨ੍ਹਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਤਿਆਰ ਹਨ।

MPS Surgery Ltd

Services Provided:
* Adult and child Medical Care
* Minor Accident Care
* Minor Surgery
* Repeat Prescriptions
* Lab results
* Liquid Nitrogen
* Immunisation
* Cervical Screening
* ECG
* Travel Advice/Immunisations
* Well Child/Tamariki Oral Health Checks - Birth to Three Years,
* Immigration Medicals for New Zealand.

General Practitioner - Dr. Mohinder Pal Singh
ਤੁਹਾਡੀ ਆਪਣੀ ਭਾਸ਼ਾ ਬੋਲਣ ਵਾਲੇ ਡਾਕਟਰ

44 Mason Avenue Otahuhu, Auckland 1062
Open : Monday - Friday
09:00 AM - 5:30 PM
(Last appointment of the day is taken half an hour before closing time.)
Phone No. : (09) 276 7111
Email Id: admin@mpssurgery.co.nz

# GTB Horticulture Ltd

Our Commitment - Your Relief



ਫਾਰਮ ਵਿੱਚ ਕੰਮ ਕਰਨ ਲਈ
ਵਰਕਰਾਂ ਦੀ ਜ਼ਰੂਰਤ ਹੈ
ਵਧੀਆ ਤਨਖਾਹ ਦਿੱਤੀ ਜਾਵੇਗੀ।

Pickup & Drop Off Available

Manpreet Singh Dhaliwal 021 147 1502
Manpreet Singh Batth 020 4057 2327
Email: gtb.horticulture@gmail.com

Travel Point
0800 66 11 88
Specialist for Indian Subcontinent Travel



Competitive Pricing
Trusted Service
Customer Focus
Leisure & Business Travel
Group & Tour Bookings

TICKETING
TOURS
HOLIDAYS

SANDRINGHAM OFFICE
521 Sandringham Road
Sandringham, Auckland, Ph: 09-815 3595

PAPATOETOE OFFICE
14 East Tamaki Road,
Papatoetoe, Auckland, Ph: 09-277 0592

Emergency 24/7: 027 491 8583 www.travelpoint.co.nz


# ਆਸਟ੍ਰੇਲੀਆ ਖਿਲਾਫ ਟੀ-20 ਸੀਰੀਜ਼ 'ਚ ਖੇਡ ਦੇ ਹਰ ਵਿਭਾਗ 'ਚ ਭਾਰਤੀ ਮਹਿਲਾ ਟੀਮ ਸੁਧਾਰ ਦੀ ਲੋੜ



ਨਵੀ ਮੁੰਬਈ- ਇਸ ਸਾਲ ਹੋਣ ਵਾਲੇ ਟੀ-20 ਵਿਸ਼ਵ ਕੱਪ ਨੂੰ ਧਿਆਨ 'ਚ ਰੱਖਦੇ ਹੋਏ ਭਾਰਤੀ ਮਹਿਲਾ ਕ੍ਰਿਕਟ ਟੀਮ ਆਸਟ੍ਰੇਲੀਆ ਖਿਲਾਫ ਸ਼ੁੱਕਰਵਾਰ ਤੋਂ ਇੱਥੇ ਸ਼ੁਰੂ ਹੋਣ ਵਾਲੀ 3 ਮੈਚਾਂ ਦੀ ਟੀ-20 ਸੀਰੀਜ਼ 'ਚ ਖੇਡ ਦੇ ਹਰ ਵਿਭਾਗ 'ਚ ਸੁਧਾਰ ਕਰਨ ਦੀ ਕੋਸ਼ਿਸ਼ ਕਰੇਗੀ। ਹਰਮਨਪ੍ਰੀਤ ਕੌਰ ਦੀ ਅਗਵਾਈ ਵਾਲੀ ਭਾਰਤੀ ਟੀਮ 'ਚ ਕਾਫੀ ਸੁਧਾਰ ਦੀ ਲੋੜ ਹੈ ਕਿਉਂਕਿ ਉਸ ਨੇ ਇਸ ਤੋਂ ਆਸਟ੍ਰੇਲੀਆ ਖਿਲਾਫ ਵਨ-ਡੇ ਸੀਰੀਜ਼ 0-3 ਨਾਲ ਗਵਾਈ ਸੀ, ਜਦੋਂਕਿ ਇੰਗਲੈਂਡ ਨੇ ਵੀ ਉਸ ਨੂੰ 3 ਮੈਚਾਂ ਦੀ ਟੀ-20 ਸੀਰੀਜ਼ 'ਚ ਹਰਾਇਆ ਸੀ।

ਭਾਰਤ ਨੇ ਇੰਗਲੈਂਡ ਅਤੇ ਆਸਟ੍ਰੇਲੀਆ ਖਿਲਾਫ 1-1 ਟੈਸਟ ਮੈਚ ਜਿੱਤੇ ਪਰ ਸੀਮਿਤ ਓਵਰਾਂ ਦੀ ਕ੍ਰਿਕਟ 'ਚ ਅਜੇ ਟੀਮ ਨੂੰ ਬਹੁਤ ਕੁਝ ਕਰਨ ਦੀ ਲੋੜ ਹੈ।

ਆਸਟ੍ਰੇਲੀਆ ਖਿਲਾਫ ਦੂਜੇ ਵਨ-ਡੇ 'ਚ ਭਾਰਤੀ ਟੀਮ ਦੀ ਫੀਲਡਿੰਗ ਚੰਗੀ ਨਹੀਂ ਰਹੀ ਸੀ ਅਤੇ ਉਸ ਨੂੰ 3 ਦੌੜਾਂ ਨਾਲ ਹਾਰ ਦਾ ਸਾਹਮਣਾ ਕਰਨਾ ਪਿਆ ਸੀ, ਜਦੋਂਕਿ ਤੀਜੇ ਮੈਚ 'ਚ ਆਸਟ੍ਰੇਲੀਆ ਦੀਆਂ 8 ਵਿਕਟਾਂ 'ਤੇ 338 ਦੌੜਾਂ ਦੇ ਜਵਾਬ 'ਚ ਭਾਰਤੀ ਬੱਲੇਬਾਜ਼ ਚੰਗਾ ਪ੍ਰਦਰਸ਼ਨ ਨਹੀਂ ਕਰ ਸਕੇ ਅਤੇ ਪੂਰੀ ਟੀਮ 148 ਦੌੜਾਂ 'ਤੇ ਆਊਟ ਹੋ ਗਈ। ਜਿੱਥੋਂ ਤੱਕ ਪਹਿਲੇ ਵਨ-ਡੇ ਦਾ ਸਵਾਲ ਹੈ, ਤਾਂ ਉਸ 'ਚ ਗੇਂਦਬਾਜ਼ ਨਹੀਂ ਚੱਲ ਸਕੇ ਸਨ। ਭਾਰਤੀ ਟੀਮ ਨੇ ਪਿਛਲੇ 2 ਵਨ-ਡੇ 'ਚ ਘੱਟੋ-ਘੱਟ 8 ਕੈਚ ਛੱਡੇ ਸਨ। ਇਸ ਤੋਂ ਇਲਾਵਾ ਫੈਸਲਾ ਸਮੀਖਿਆ ਪ੍ਰਣਾਲੀ (ਡੀ. ਆਰ. ਐੱਸ.) ਨੂੰ ਲੈ ਕੇ ਕੀਤੇ ਗਏ ਉਸ ਦੇ ਫੈਸਲੇ ਵੀ ਸਹੀ ਨਹੀਂ ਰਹੇ। ਭਾਰਤ ਲਈ ਕਪਤਾਨ ਹਰਮਨਪ੍ਰੀਤ ਦੀ ਫਾਰਮ ਵੀ ਚਿੰਤਾ ਦਾ ਵਿਸ਼ਾ ਹੈ। ਉਹ ਆਸਟ੍ਰੇਲੀਆ ਖਿਲਾਫ 3 ਵਨ-ਡੇ ਮੈਚਾਂ 'ਚ ਸਿਰਫ 17 ਦੌੜਾਂ ਹੀ ਬਣਾ ਸਕੀ ਸੀ। ਜੇਮਿਮਾ ਰੌਡ੍ਰਿਗਜ਼ ਅਤੇ ਰਿਚਾ ਘੋਸ਼ ਨੇ ਚੰਗਾ ਪ੍ਰਦਰਸ਼ਨ ਕੀਤਾ ਪਰ ਹੋਰ ਮੁੱਖ ਬੱਲੇਬਾਜ਼ਾਂ ਨਹੀਂ ਚੱਲ ਸਕੇ।

ਸਲਾਮੀ ਬੱਲੇਬਾਜ਼ ਸਮ੍ਰਿਤੀ ਮੰਧਾਨਾ ਲਗਾਤਾਰ ਆਪਣੀ ਚੰਗੀ ਸ਼ੁਰੂਆਤ ਨੂੰ ਵੱਡੇ ਸਕੋਰ 'ਚ ਨਹੀਂ ਬਦਲ ਰਹੀ ਹੈ। ਮੰਧਾਨਾ ਦੇ ਨਾਲ ਵਨ-ਡੇ ਸੀਰੀਜ਼ 'ਚ ਯਾਸਤਿਕਾ ਭਾਟੀਆ ਨੇ ਪਾਰੀ ਦੀ ਸ਼ੁਰੂਆਤ ਕੀਤੀ ਸੀ। ਇਹ ਦੇਖਣਾ ਹੋਵੇਗਾ ਕਿ ਕੀ ਟੀਮ ਮੈਨੇਜਮੈਂਟ ਭਾਟੀਆ 'ਤੇ ਭਰੋਸਾ ਰੱਖਦੀ ਹੈ ਜਾਂ ਫਿਰ ਉਸ ਦੀ ਜਗ੍ਹਾ ਸ਼ੈਫਾਲੀ ਵਰਮਾ ਨੂੰ ਮੌਕਾ ਦਿੰਦੀ ਹੈ। ਜਿੱਥੋਂ ਤੱਕ ਇਨ੍ਹਾਂ ਦੋਵਾਂ ਟੀਮਾਂ ਦੇ ਆਪਸੀ ਮੁਕਾਬਲੇ ਦਾ ਸਵਾਲ ਹੈ, ਤਾਂ ਭਾਰਤ 31 'ਚੋਂ ਸਿਰਫ 6 ਮੈਚ ਜਿੱਤ ਸਕਿਆ ਹੈ ਜਦੋਂਕਿ 23 ਮੈਚਾਂ 'ਚ ਉਸ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਇਕ ਮੈਚ ਟਾਈ ਰਿਹਾ ਸੀ।

# ਕ੍ਰਾਈਸਟਚਰਚ ਤੋਂ ਮੈਲਬੋਰਨ ਜਾ ਰਹੀ ਫਲਾਈਟ ਦੀ ਆਕਲੈਂਡ 'ਚ ਅਚਾਨਕ ਹੋਈ ਐਮਰਜੈਂਸੀ ਲੈਂਡਿੰਗ




ਆਕਲੈਂਡ- ਵੀਰਵਾਰ ਨੂੰ ਕ੍ਰਾਈਸਟਚਰਚ ਤੋਂ ਮੈਲਬੌਰਨ ਜਾ ਰਹੀ ਫਲਾਈਟ ਦੀ ਅਚਾਨਕ ਆਕਲੈਂਡ 'ਚ ਐਮਰਜੈਂਸੀ ਲੈਂਡਿੰਗ ਕਰਵਾਉਣੀ ਪਈ ਹੈ। ਇਸ ਤੋਂ ਪਹਿਲਾ ਜਹਾਜ਼ ਨੇ ਲਗਭਗ ਸਾਢੇ ਤਿੰਨ ਘੰਟੇ ਅਸਮਾਨ ਵਿੱਚ ਬਿਤਾਏ ਸਨ। ਰਿਪੋਰਟਾਂ ਅਨੁਸਾਰ ਜਹਾਜ਼ 'ਚ ਆਈ ਮਕੈਨੀਕਲ ਸਮੱਸਿਆ ਦੇ ਕਾਰਨ ਇਹ ਐਮਰਜੈਂਸੀ ਲੈਂਡਿੰਗ ਕਰਵਾਈ ਗਈ ਹੈ। ਕੈਂਟਾਸ ਦੀ ਫਲਾਈਟ QF132 ਨੇ ਵੀਰਵਾਰ ਨੂੰ ਸਵੇਰੇ 6:13 'ਤੇ ਕ੍ਰਾਈਸਚਰਚ ਤੋਂ ਉਡਾਣ ਭਰੀ ਸੀ। ਕ੍ਰਾਈਸਟਚਰਚ ਤੋਂ ਮੈਲਬੌਰਨ ਦੀ ਫਲਾਈਟ ਨੂੰ ਆਮ ਤੌਰ 'ਤੇ ਸਾਢੇ ਤਿੰਨ ਘੰਟੇ ਲੱਗਦੇ ਹਨ। ਇਸ ਮਗਰੋਂ ਜਹਾਜ਼ ਦਾ ਇੰਜੀਨੀਅਰਾਂ ਦੁਆਰਾ ਨਿਰੀਖਣ ਕੀਤਾ ਗਿਆ ਸੀ ਅਤੇ ਯਾਤਰੀ ਵੀਰਵਾਰ ਦੁਪਹਿਰ ਨੂੰ ਉਸੇ ਜਹਾਜ਼ ਰਾਹੀਂ ਆਪਣੀ ਮੰਜ਼ਿਲ ਵੱਲ ਰਵਾਨਾ ਹੋਏ ਹਨ।




KWALITY
MINI BAZAAR

Store's Name and address:

1. Kwality Mini Bazaar Papatoetoe
   286 Great South Road, Papatoetoe, Auckland -2025
2. Kwality Mini Bazaar Botany
   5/2 Bishop Dunn Place, Flat Bush, Auckland - 2013
3. Kwality Mini Bazaar Manurewa
   88F Great South Road, Takanini- 2112
4. Kwality Mini Bazaar Papakura
   305 Great South Road, Takanini, Auckland - 2112

ਵਧੀਆ ਅਤੇ ਸਾਫ ਸੁਥਰੀ ਗਰੋਸਰੀ ਵਾਸਤੇ ਇੱਕੋ ਇੱਕ ਨਾਂ ਯਾਦ ਰੱਖੋ

KWALITY
MINI BAZAAR

PATOETOE
PAPAKURA
MANUREWA

# ਭਾਰਤੀ ਟੀਮ ਨੇ ਕ੍ਰਿਕਟ 'ਚ ਰਚਿਆ ਇਤਿਹਾਸ



ਭਾਰਤ ਅਤੇ ਦੱਖਣੀ ਅਫਰੀਕਾ ਵਿਚਾਲੇ 2 ਟੈਸਟ ਮੈਚਾਂ ਦੀ ਲੜੀ ਦਾ ਦੂਜਾ ਮੈਚ ਭਾਰਤ ਨੇ 7 ਵਿਕਟਾਂ ਨਾਲ ਜਿੱਤ ਲਿਆ ਹੈ। ਕੇਪਟਾਊਨ 'ਚ ਖੇਡੇ ਗਏ ਇਸ ਮੁਕਾਬਲੇ ਨੂੰ ਜਿੱਤਣ ਨਾਲ ਹੀ ਭਾਰਤ ਨੇ ਟੈਸਟ ਕ੍ਰਿਕਟ ਦੇ ਇਤਿਹਾਸ ਦਾ ਸਭ ਤੋਂ ਵੱਡਾ ਰਿਕਾਰਡ ਆਪਣੇ ਨਾਂ ਕਰ ਲਿਆ ਹੈ। ਇਸ ਮੈਚ ਦੇ ਖ਼ਤਮ ਹੋਣ ਨਾਲ ਹੀ ਭਾਰਤ ਨੇ ਸਭ ਤੋਂ ਜਲਦੀ ਟੈਸਟ ਮੈਚ ਖ਼ਤਮ ਕਰਨ ਦਾ ਰਿਕਾਰਡ ਆਪਣੇ ਨਾਂ ਕਰ ਲਿਆ ਹੈ। ਇਹ ਟੈਸਟ ਮੈਚ ਸਿਰਫ਼ 5 ਸੈਸ਼ਨਾਂ 'ਚ ਖ਼ਤਮ ਹੋ ਗਿਆ। ਓਵਰਾਂ ਦੇ ਹਿਸਾਬ ਨਾਲ ਦੇਖੀਏ ਤਾਂ ਇਹ ਮੈਚ ਸਿਰਫ਼ 106.2 ਓਵਰਾਂ 'ਚ ਸਮਾਪਤ ਹੋ ਗਿਆ, ਜੋ ਕਿ ਟੈਸਟ ਮੈਚ 'ਚ ਸਭ ਤੋਂ ਘੱਟ ਹੈ। ਇਸ ਤੋਂ ਪਹਿਲਾਂ ਇਹ ਰਿਕਾਰਡ ਸਾਲ 1932 'ਚ ਆਸਟ੍ਰੇਲੀਆ ਅਤੇ ਦੱਖਣੀ ਅਫਰੀਕਾ ਵਿਚਾਲੇ ਖੇਡੇ ਗਏ ਟੈਸਟ ਮੈਚ ਦੇ ਨਾਂ ਸੀ, ਜੋ 109.2 ਓਵਰਾਂ ਤੱਕ ਚੱਲਿਆ ਸੀ।

ਦੱਸ ਦੇਈਏ ਕਿ ਟੈਸਟ ਮੈਚ ਦੇ ਦੂਜੇ ਦਿਨ ਦੱਖਣੀ ਅਫਰੀਕਾ ਦੀ ਪੂਰੀ ਟੀਮ ਏਡਨ ਮਾਰਕ੍ਰਮ ਦੇ ਸ਼ਾਨਦਾਰ ਸੈਂਕੜੇ ਦੇ ਬਾਵਜੂਦ ਸਿਰਫ਼ 176 ਦੌੜਾਂ ਹੀ ਬਣਾ ਸਕੀ, ਜਿਸ ਨਾਲ ਭਾਰਤ ਨੂੰ ਜਿੱਤ ਲਈ 79 ਦੌੜਾਂ ਦਾ ਮਾਮੂਲੀ ਟੀਚਾ ਮਿਲਿਆ ਸੀ। ਇਸ ਛੋਟੇ ਟੀਚੇ ਨੂੰ ਭਾਰਤੀ ਟੀਮ ਨੇ 3 ਵਿਕਟਾਂ ਗੁਆ ਕੇ ਆਸਾਨੀ ਨਾਲ ਹਾਸਲ ਕਰ ਲਿਆ।

ਇਸ ਟੈਸਟ ਮੈਚ 'ਚ ਜਿੱਤ ਨਾਲ ਰੋਹਿਤ ਸ਼ਰਮਾ ਨੇ ਮਹਿੰਦਰ ਸਿੰਘ ਧੋਨੀ ਦੀ ਬਰਾਬਰੀ ਕਰ ਲਈ ਹੈ। ਧੋਨੀ ਦੀ ਕਪਤਾਨੀ 'ਚ ਭਾਰਤ ਨੇ ਸਾਲ 2010-11 'ਚ ਦੱਖਣੀ ਅਫਰੀਕਾ 'ਚ ਟੈਸਟ ਲੜੀ ਡਰਾਅ ਕਰਵਾਈ ਸੀ, ਜਿਸ ਤੋਂ ਬਾਅਦ ਹੁਣ ਰੋਹਿਤ ਸ਼ਰਮਾ ਦੱਖਣੀ ਅਫਰੀਕਾ 'ਚ ਟੈਸਟ ਸੀਰੀਜ਼ ਡਰਾਅ ਕਰਨ ਵਾਲਾ ਦੂਜਾ ਕਪਤਾਨ ਬਣ ਗਿਆ ਹੈ। ਹਾਲਾਂਕਿ ਦੱਖਣੀ ਅਫਰੀਕਾ ਅਜੇ ਵੀ ਭਾਰਤ ਲਈ ਅਜੇਤੂ ਕਿਲਾ ਬਣਿਆ ਹੋਇਆ ਹੈ ਕਿਉਂਕਿ ਉਹ ਇਸ ਦੇਸ਼ 'ਚ ਹੁਣ ਤੱਕ ਕੋਈ ਵੀ ਟੈਸਟ ਸੀਰੀਜ਼ ਨਹੀਂ ਜਿੱਤ ਸਕਿਆ ਹੈ। ਕਪਤਾਨ ਰੋਹਿਤ ਸ਼ਰਮਾ ਲਈ ਬਤੌਰ ਕਪਤਾਨ ਕ੍ਰਿਕਟ ਦੇ 4 ਵੱਡੇ ਦੇਸ਼ ਦੱਖਣੀ ਅਫਰੀਕਾ, ਇੰਗਲੈਂਡ, ਨਿਊਜ਼ੀਲੈਂਡ ਅਤੇ ਆਸਟ੍ਰੇਲੀਆ 'ਚ ਪਹਿਲਾ ਟੈਸਟ ਜਿੱਤਣਾ ਬਹੁਤ ਵੱਡੀ ਗੱਲ ਹੈ ਪਰ ਇਸ ਦੌਰਾਨ ਉਸ ਵੱਲੋਂ ਲਏ ਫੈਸਲਿਆਂ ਨਾਲ ਉਸ ਦੀ ਕਪਤਾਨੀ ਦਾ ਹੁਨਰ ਦਿਸਿਆ।

ਭਾਰਤ ਦੀ ਦੱਖਣੀ ਅਫਰੀਕਾ ਖਿਲਾਫ ਦੂਜੇ ਟੈਸਟ 'ਚ 7 ਵਿਕਟਾਂ ਦੀ ਜਿੱਤ 1882 ਤੋਂ ਬਾਅਦ 25ਵੀਂ ਵਾਰ ਹੈ, ਜਦੋਂ ਕੋਈ ਟੈਸਟ ਮੈਚ 2 ਦਿਨਾਂ ਦੇ ਅੰਦਰ ਹੀ ਖ਼ਤਮ ਹੋ ਗਿਆ। ਭਾਰਤ 2 ਦਿਨਾਂ ਦੇ ਅੰਦਰ ਖ਼ਤਮ ਹੋਏ ਟੈਸਟ ਦਾ ਤੀਜੀ ਵਾਰ ਹਿੱਸਾ ਰਿਹਾ। ਇਸ ਤੋਂ ਪਹਿਲਾਂ ਭਾਰਤ ਨੇ 2018 'ਚ ਬੈਂਗਲੁਰੂ 'ਚ ਅਫਗਾਨਿਸਤਾਨ ਅਤੇ 2021 'ਚ ਅਹਿਮਦਾਬਾਦ 'ਚ ਇੰਗਲੈਂਡ ਨੂੰ 2 ਦਿਨਾਂ 'ਚ ਹਰਾਇਆ ਸੀ।

Mehak E wattan
Monthly Newspaper
•Issue-8 • January 2024
•mehakewattan@gmail.com

## Mehak-E-Wattan Team

**Chief Editor:**
**Hardev Singh Brar**
+64274427338
+64093900004
mehakewattan@gmail.com

**Associate Editor:**
**Jaswinder Kaur Brar**
+64212558338
brarnz@gmail.com

**All Representatives :**
**Gurdeep Singh (Kala Brar)**
+64222786226
kalabrar@gmail.com

**Hardev Mahinangal**
+00642102612568

**Jatinder Brar (Australia)**
+61421370020
jatinderjitbrar@yahoo.com.au

**Sukhkiran Gill. (U.S.A)**
+1 4803492641

**Jasvir. Singh Dhillon. (Germany)**
+491776742031

**Manjit Gill (CANADA)**
+1 4166691379

**Editor from India:**
**Jatinder Panjtoori**
+91 9914109949
Jatindernz@hotmail.com

**Designer & Reporter from Punjab, India:**
**Jaspreet Kaur, Barnala**

**Disclaimer**
Mehak-E-Wattan, LLC is not responsible for any claims made by advertisers nor does it endorse any product or services advertised in the paper. For concerns or questions related to these advertisements, please contact the business directly.

Mehak-E-Wattan, LLC also does not endorse any views presented by volunteer writers. Those views are solely of the author and bear no indication to the views of Mehak-E-Wattan.

**For sale inquiries:**
mehakewattan@gmail.com

**For additional inquires/comments:**
mehakewattan@gmail.com

## ਜੀਵਨ ਇਤਿਹਾਸ

# ਅਕਾਲੀ ਫੂਲਾ ਸਿੰਘ

**ਲੇਖਕ: ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ**

-------------------------

(ਪਿਛਲੇ ਅੰਕ ਤੋਂ ਅੱਗੇ)

**[ਅੱਗੇ ਨੂੰ ਮਹਾਰਾਜਾ ਦੇ ਇਲਾਕੇ ਵਿਚ ਨਾ ਰਹਿਣ ਦੇ ਕਾਰਨ]**

ਅਕਾਲੀ ਫੂਲਾ ਸਿੰਘ ਦਾ ਜੀਵਨ ਬ੍ਰਿਤਾਂਤ ਲਿਖਦੇ ਹੋਏ ਜੇ ਕਦੀ ਅਸੀਂ ਇਸ ਅਤਿ ਜ਼ਰੂਰੀ ਘਟਨਾ ਨੂੰ ਨਜ਼ਰੋ ਓਹਲੇ ਕਰ ਜਾਈਏ, ਜਿਸਨੂੰ ਭੁੱਲ ਨਾਲ ਅਕਸਰ ਵਿਦੇਸ਼ੀ ਇਤਿਹਾਸਕਾਰਾਂ ਨੇ ਅਕਾਲੀ ਜੀ ਦੀ 'ਬਗ਼ਾਵਤ' ਕਰਕੇ ਲਿਖਿਆ ਹੈ, ਤਾਂ ਪੱਕ ਜਾਣੋ ਜੋ ਅਸੀਂ ਅਕਾਲੀ ਜੀ ਦੇ ਅਤਿਯੰਤ ਵਧੇ ਹੋਏ ਧਾਰਿਮਕ ਜੋਸ਼ ਤੇ ਪੰਥਕ ਜੀਵਨ ਦੇ ਦਰਦ ਭਰੇ ਦਿਲ ਦੇ ਅਸਲੀ ਸਮਾਚਾਰ ਪ੍ਰਗਟ ਨਾ ਕਰਨ ਦੇ ਦੋਸ਼ੀ ਹੋਣ ਤੋਂ ਨਹੀਂ ਬਚ ਸਕਾਂਗੇ। ਭਾਵੇ ਜਿਸ ਤਰ੍ਹਾਂ ਅਸੀਂ ਭੂਮਿਕਾ ਵਿੱਚ ਦੱਸ ਆਏ ਹਾਂ ਕਿ ਸਾਡੀ ਕੌਮ ਆਪਣੇ ਇਤਿਹਾਸ ਲਿਖਣ ਦੇ ਉੱਚ ਗੁਣਾਂ ਤੋਂ ਅਵੇਸਲੀ ਰਹਿਣ ਦੇ ਕਾਰਨ ਅਨਮਤੀ ਤੇ ਵਿਦੇਸ਼ੀ ਇਤਿਹਾਸਕਾਰਾਂ ਨੇ ਅਸਲੀ ਹਾਲਾਤ ਨੂੰ ਚਾਹੇ ਅਞਾਣ ਪੁਣੇ ਦੇ ਕਾਰਨ ਯਾ ਭੁਲੇਖੇ ਨਾਲ ਸ਼ੱਕਰ ਨੂੰ ਰੇਤ ਵਿਚ ਐਸਾ ਮਿਲਾਕੇ ਪੇਸ਼ ਕੀਤਾ ਹੈ ਕਿ ਜਿਸ ਦਾ ਹੁਣ ਨਿਖੇੜਨਾ ਬਹੁਤ ਹੀ ਕਠਨ ਮਿਹਨਤ ਦਾ ਕੰਮ ਹੋ ਗਿਆ, ਸੋ ਇਸੇ ਤਰ੍ਹਾਂ ਇਹ ਘਟਨਾ ਵੀ ਤੋੜ ਮਰੋੜ ਕੇ ਭੈੜੀ ਸ਼ਕਲ ਵਿੱਚ ਦੱਸੀ ਗਈ ਹੈ। ਇਸ ਦੇ ਅਸਲੀ ਸਮਾਚਾਰ ਇਸ ਤਰ੍ਹਾਂ ਹਨ, ਜਿਨ੍ਹਾਂ ਕਾਰਨ੍ਹਾਂ ਕਰਕੇ ਅਕਾਲੀ ਜੀ ਦਾ ਮਹਾਰਾਜਾ ਰਣਜੀਤ ਸਿੰਘ ਨਾਲ ਸੰਮਤੀ ਭੇਦ ਹੋ ਗਿਆ:-



(1) ਮਹਾਰਾਜਾ ਰਣਜੀਤ ਸਿੰਘ ਦਾ ਡੋਗਰਿਆਂ ਨੂੰ ਜ਼ਿੰਮੇਵਾਰੀਆ ਦੇ ਅਹੁਦੇ ਦੇਣਾ।

(2) ਮਿਸ਼ਰ ਗੰਗਾ ਰਾਮ ਦੀਆਂ ਮਨ ਭਾਂਵਦੀਆ ਕਾਰਵਾਈਆਂ।

(3) ਇਸੇ ਮਿਸ਼ਰ ਦਾ ਆਪਣੇ ਸਾਕਾਂ ਸੰਬੰਧੀਆਂ ਨੂੰ ਦਰਬਾਰ ਵਿੱਚ ਭਰਤੀ ਕਰਦੇ ਜਾਣਾ।

(4) ਇਨ੍ਹਾਂ ਲੋਕਾਂ ਦਾ ਸ਼ਾਹਜ਼ਾਦਾ ਖੜਗ ਸਿੰਘ ਤੇ ਮਹਾਰਾਜਾ ਸਾਹਿਬ ਵਿੱਚ ਫੁੱਟ ਪੁਆਣ ਲਈ ਯਤਨ ਕਰਦੇ ਰਹਿਣਾ।

(5) ਕੌਰ ਸ਼ੇਰ ਸਿੰਘ ਤੋਂ ਮਹਾਰਾਜੇ ਦਾ ਦਿਲ ਬਦਜ਼ਨ ਕਰਦੇ ਰਹਿਣਾ।

ਇਨ੍ਹਾਂ ਉੱਪਰ ਦੱਸੀਆਂ ਗੱਲਾਂ ਵਿਚਾਰਨ ਪਰ ਅਕਾਲੀ ਜੀ ਨੇ ਇਸ ਤਰ੍ਹਾਂ ਖ਼ਾਲਸਾ ਰਾਜ ਦੀ ਬ੍ਰਿਧੀ ਦੇ ਰਾਹ ਵਿੱਚ ਰੁਕਾਵਟ ਡਿੱਠੀ, ਇਸ ਖ਼ਤਰੇ ਨੂੰ ਅਨੁਭਵ ਕਰਕੇ ਆਪ ਸਿੱਧੇ ਲਾਹੌਰ ਪਹੁੰਚੇ। ਇੱਧਰ ਜਦ ਡੋਗਰਿਆ ਨੂੰ ਅਕਾਲੀ ਜੀ ਦੇ ਮਹਾਰਾਜੇ ਨੂੰ ਮਿਲਣ ਲਈ ਲਾਹੌਰ ਆਉਣੇ ਦੀ ਖ਼ਬਰ ਮਿਲੀ ਤਾਂ ਐਸੀਆ ਚਾਲਾਂ ਚੱਲੀਆਂ ਕਿ ਕਈ ਦਿਨਾਂ ਤੱਕ ਅਕਾਲੀ ਜੀ ਮਹਾਰਾਜਾ ਸਾਹਿਬ ਨੂੰ ਨਾ ਮਿਲ ਸਕੇ। ਛੇਕੜ ਇੱਕ ਦਿਨ ਬਦੋ ਬਦੀ ਧਾ ਕੇ ਕਿਲ੍ਹੇ ਵਿੱਚ ਜਾ ਵੜੇ ਤੇ ਮਹਾਰਾਜਾ ਜੀ ਨੂੰ ਫ਼ਤਹ ਗਜਾਈ। ਮਹਾਰਾਜਾ ਜੀ ਅੱਗੋਂ ਪਿਆਰ ਸਤਿਕਾਰ ਨਾਲ ਮਿਲੇ ਤੇ ਲੰਗਰ ਲਈ ਗੱਫ਼ਾ ਅੱਗੇ ਰੱਖਿਆ ਤਾਂ ਅਕਾਲੀ ਜੀ ਨੇ ਸਵੀਕਾਰ ਕਰਨੇ ਵਿੱਚ ਇਹ ਕਹਿਕੇ ਸੰਕੋਚ ਕੀਤਾ ਕਿ ਸਿੰਘ ਸਾਹਿਬ ਜੀ! ਆਪ ਖ਼ਾਲਸਾ ਰਾਜ ਵਿੱਚ ਅਨਮਤੀਆਂ ਨੂੰ ਔਹਦੇ ਦੇ ਕੇ ਨੀਤੀ ਦੇ ਵਿਰੁੱਧ ਕੰਮ ਕਰ ਰਹੇ ਹੋ, ਸੋ ਇਹ ਤਰੀਕਾ ਰਾਜ ਲਈ ਹਾਨੀਕਾਰਕ ਹੈ। ਕਲਗੀਧਰ ਜੀ ਨੇ ਆਪਨੂੰ ਆਪਣੇ ਪਿਆਰੇ ਪੰਥ ਦਾ ਮਾਲੀ ਥਾਪਿਆ ਹੈ। ਜੇਕਰ ਆਪ ਆਪਣਾ ਤਰੀਕਾ ਨਹੀ ਬਦਲੋਗੇ ਤਾਂ ਲਓ ਸਾਡੀ ਇਹ ਛੇਕੜਲੀ ਫ਼ਤਹ ਹੈ, ਆਪ ਜਾਣੋ ਤੇ ਆਪ ਦਾ ਕੰਮ। ਮਹਾਰਾਜਾ ਸਾਹਿਬ ਨੇ ਇਸ ਸਾਰੀ ਗੱਲ ਬਾਤ ਨੂੰ ਬੜੇ ਠੰਡੇ ਮਨ ਨਾਲ ਸੁਣਿਆ, ਪਰ ਇਹ ਗੱਲ ਬੜੇ ਸ਼ੋਕ ਨਾਲ ਲਿਖਣੀ ਪੈਂਦੀ ਹੈ ਕਿ ਇਸ ਗੱਲ ਨੂੰ ਵਰਤੋਂ ਵਿੱਚ ਲਿਆਉਣ ਲਈ ਅਕਾਲੀ ਜੀ ਨੂੰ ਮਹਾਰਾਜਾ ਕੁੱਝ ਢਿੱਲਾ ਜਿਹਾ ਦਿੱਸਿਆ। ਭਾਵੇਂ ਸਮਝਾ ਕੇ ਤਾਂ ਬਹੁਤ ਕੁੱਝ ਅਕਾਲੀ ਜੀ ਦਾ ਘਰ ਪੂਰਾ ਕਰਨਾ ਚਾਹਿਆ, ਪਰ ਬਾਬਾ ਜੀ ਦੀ ਇਸ ਨਾਲ ਤਸੱਲੀ ਨਾ ਹੋਈ।

ਅਕਾਲੀ ਫੂਲਾ ਸਿੰਘ ਨੇ ਓਸੇ ਵੇਲੇ ਬਿਨਾਂ ਅੰਨ ਪਾਣੀ ਪਾਨ ਕਰਨ ਦੇ ਲਾਹੌਰ ਤੋਂ ਕੂਚ ਕਰ ਦਿੱਤਾ ਤੇ ਦੂਜੇ ਦਿਨ ਸ੍ਰੀ ਅੰਮ੍ਰਿਤਸਰ ਜੀ ਪਹੁੰਚ ਗਏ ਤੇ ਇੱਥੋਂ ਓਸੇ ਦਿਨ 11 ਭਾਦਰੋਂ ਸੰਮਤ 1871 ਈ: (30 ਅਗਸਤ 1814 ਈ:) ਨੂੰ ਸ੍ਰੀ ਅਨੰਦਪੁਰ ਵੱਲ ਜਾਣ ਦੀ ਤਿਆਰੀ ਕਰ ਦਿੱਤੀ। ਅਕਾਲੀ ਫੂਲਾ ਸਿੰਘ ਜਦ ਸਣੇ ਅਕਾਲੀ ਦਲ ਦੇ ਅਨੰਦਪੁਰ ਵੱਲ ਵਧਿਆ ਤਾਂ ਅੰਗਰੇਜੀ ਵਕੀਲ, ਜੋ ਓਦੋਂ ਲੁਧਿਆਣੇ ਸੀ, ਬੜਾ ਘਬਰਾਇਆ ਹੋਇਆ ਸੀ, ਜੋ ਉਸ ਦਾ ਕੇਵਲ ਵਹਿਮ ਹੀ ਸੀ, ਤੇ ਇਸ ਬਾਰੇ ਬ੍ਰਿਟਿਸ਼ ਏਜੰਟ ਦਿੱਲੀ ਨੂੰ ਕਈ ਰਿਪੋਟਾਂ ਭੇਜੀਆਂ, ਪਰ ਅਕਾਲੀ ਜੀ ਬਿਨਾਂ ਰੋਕ ਟੋਕ ਸਿੱਧੇ ਅਨੰਦਪੁਰ ਪਹੁੰਚ ਗਏ।

**ਕੰਵਰ ਪ੍ਰਤਾਪ ਸਿੰਘ ਨੇ ਅਕਾਲੀ ਜੀ ਪਾਸ ਪਨਾਹ ਲੈਣੀ**

ਅਕਾਲੀ ਫੂਲਾ ਸਿੰਘ ਨੂੰ ਸ੍ਰੀ **ਅਨੰਦਪੁਰ ਸਾਹਿਬ ਪਹੁੰਚਿਆਂ ਅਜੇ ਕੁੱਝ ਦਿਨ ਹੀ ਬੀਤੇ ਸਨ ਕਿ ਦੇਵਨੇਤ ਨਾਲ ਸ਼ਾਹਜ਼ਾਦਾ ਪ੍ਰਤਾਪ ਸਿੰਘ ਜੀਂਦ ਦੀ ਕਈ ਰਿਆਸਤੀ ਕੰਮਾਂ ਵਿੱਚ ਸੰਮਤੀ ਭੇਦ ਦੇ ਕਾਰਨ ਸਰਕਾਰ ਨਾਲ ਖਟਪਟੀ ਪੈ ਗਈ** ਇਸ ਨੇ ਆਪਣੇ ਆਪ ਨੂੰ ਜਦ ਖ਼ਤਰੇ ਵਿੱਚ ਡਿੱਠਾ ਤਾਂ ਆਪਣਾ ਬਚਾਉ ਕਿਤੇ ਹੋਰ ਥੇ ਨਾ ਦੇਖਿਆ ਤਾਂ 16 ਅੱਸੂ ਸੰਮਤ 1871 ਬਿ: (2 ਅਕਤੂਬਰ 1814 ਈ:) ਨੂੰ ਸਿੱਧਾ ਸ੍ਰੀ ਅਨੰਦਪੁਰ ਸਾਹਿਬ ਪੁੱਜਾ ਤੇ ਬਾਬਾ ਫੂਲਾ ਸਿੰਘ ਕੋਲ ਪਨਾਹ ਲਈ[1] ਅਤੇ ਆਪਣੇ ਤਾਈਂ ਅਤਯੰਤ ਮਜ਼ਲੂਮ ਪਰਗਟ ਕੀਤਾ। ਅਕਾਲੀ ਜੀ ਦਾ ਡੇਰਾ ਜੋ ਲੋੜਬੰਦਾਂ ਤੇ ਦੀਨਾਂ ਦੀ ਰੱਖਿਆ ਲਈ ਖੁੱਲ੍ਹਾ ਰਹਿੰਦਾ ਸੀ, ਇਸ ਨੂੰ ਵੀ ਨਿਆਸਰੇ ਦੇਖਕੇ ਆਪਣੇ ਕੋਲ ਠਹਿਰਾ ਲਿਆ। ਇਸ ਗੱਲ ਦਾ ਅੰਗਰੇਜੀ ਏਜੰਟ ਨੂੰ ਜਦ ਪਤਾ ਲੱਗਾ ਤਾਂ ਅਕਾਲੀ ਜੀ ਤੋਂ ਸ਼ਾਹਜਾਦੇ ਦੀ ਮੰਗ ਕੀਤੀ ਗਈ, ਪਰ ਅਕਾਲੀ ਜੀ ਨੇ ਗੁਰਬਾਣੀ ਦੇ ਆਸ਼ੇ ਅਨੁਸਾਰ ਗੁਰੂ ਘਰ ਦੀ ਸ਼ਰਨ ਆਏ ਨੂੰ ਧੱਕਾ ਦੇਣਾ ਬੀਰਤਾ ਦੇ ਪਾਵਨ ਭਾਵ ਦੇ ਵਿਰੁੱਧ ਸਮਝਕੇ ਪਰਤਾਪ ਸਿੰਘ ਦੀ ਬਾਂਹ ਫੜਾਨ ਤੋਂ ਸਾਫ਼ ਇਨਕਾਰ ਕਰ ਦਿੱਤਾ ਤੇ ਆਖ ਭੇਜਿਆ ਕਿ ਸਾਡਾ ਦਰ ਸਭ ਲਈ ਖੁੱਲ੍ਹਾ ਹੈ, ਆਏ ਨੂੰ ਕੱਢਦੇ ਨਹੀਂ ਤੇ ਜਾਂਦੇ ਨੂੰ ਰੋਕਦੇ ਨਹੀਂ।

ਅਕਾਲੀ ਜੀ ਦਾ ਇਹ ਜਵਾਬ ਸੁਣਕੇ ਏਜੰਟ ਦਾ ਰਹਿੰਦਾ ਖੂੰਹਦਾ ਸ਼ੱਕ ਭੀ ਅਕਾਲੀ ਜੀ ਬਾਬਤ ਪੱਕਾ ਹੋ ਗਿਆ ਕਿ ਇਹ ਜ਼ਰੂਰ ਅੰਗਰੇਜੀ ਇਲਾਕੇ ਵਿੱਚ ਖ਼ਰੂਦ ਖੜਾ ਕਰਨ ਲਈ ਆਇਆ ਹੈ। ਇਸ ਦੀ ਬਾਬਾਤ ਸਤੰਬਰ ਸੰਨ 1814 <u>ਨੂੰ ਮਹਾਰਾਜਾ ਰਣਜੀਤ</u> ਸਿੰਘ ਨੂੰ ਵੀ ਲਿਖਿਆ ਗਿਆ ਕਿ ਜਿਸ ਤਰ੍ਹਾਂ ਹੋ ਸਕੇ

1. ਸਰ ਡੇਵਿਡ ਅਕਟਰਲੋਨੀ ਦਾ 30 ਸਤੰਬਰ 1814 ਈ. ਦਾ ਖਤ ਜੋ ਉਸ ਨੇ ਗਵਰਨਰ ਜਨਰਲ ਨੂੰ ਲਿਖਿਆ।

ਅਕਾਲੀ ਫੂਲਾ ਸਿੰਘ ਨੂੰ ਮੁੜ ਆਪਣੇ ਇਲਾਕੇ ਵਿੱਚ ਮੰਗਾ ਲਵੋ। ਇੱਧਰ ਕੁਝ ਅੰਗਰੇਜ਼ੀ ਫ਼ੌਜ ਇਸ ਦੀ ਨਿਗਰਾਨੀ ਲਈ ਅਨੰਦਪੁਰ ਵੱਲ ਭੇਜੀ ਗਈ।

ਲਾਹੌਰ ਦਰਬਾਰ ਵਿਚ-ਜੇਹਾ ਕੁ ਅਸੀ ਉੱਤੇ ਦੱਸ ਆਏ ਹਾਂ-ਦਫ਼ਤਰਾਂ ਦੀ ਲਿਖਤ ਪੜ੍ਹਤ ਦਾ ਬਹੁਤ ਕੁੱਝ ਕੰਮ ਅਸਿੱਖਾਂ ਦੇ ਹੱਥ ਸੀ, ਜਿਨ੍ਹਾਂ ਨੂੰ ਅਕਾਲੀ ਫੂਲਾ ਸਿੰਘ ਦੀ ਨਿਰੈਭਤਾ ਸਦਾ ਕੰਡੇ ਦੀ ਤਰ੍ਹਾਂ ਸੀਨਿਆਂ ਵਿੱਚ ਚੁਭਦੀ ਰਹਿੰਦੀ ਸੀ। ਇਸ ਸਮੇਂ ਨੂੰ ਉਨ੍ਹਾਂ ਨੇ ਅਮੋਲਕ ਸਮਝਿਆ ਤੇ ਇੱਕ ਡੂੰਘੀ ਗੋਂਦ ਗੁੰਦਕੇ ਅਕਾਲੀ ਜੀ ਨੂੰ ਅੰਗਰੇਜ਼ਾ ਤੇ ਮਹਾਰਾਜੇ ਤੇ ਵਿੱਚ ਫੁੱਟ ਪਾਵਣੇ ਵਾਲਾ ਦੱਸਕੇ ਉਸ ਤੋਂ ਮਨਜ਼ੂਰੀ ਲੈ ਲਈ ਕਿ ਫ਼ਲੌਰ ਦੇ ਕਿਲ੍ਹੇਦਾਰ ਨੂੰ ਹੁਕਮ ਦਿੱਤਾ ਜਾਏ ਕਿ ਅਕਾਲੀ ਫੂਲਾ ਸਿੰਘ ਉੱਤੇ ਚੜ੍ਹਾਈ ਕਰਕੇ ਉਸ ਨੂੰ ਜਿਸ ਤਰ੍ਹਾਂ ਹੋ ਸਕੇ ਆਪਣੇ ਇਲਾਕੇ ਵਿੱਚ ਲਿਆਂਦਾ ਜਾਵੇ। ਇਸ ਹੁਕਮ ਦੀ ਤਾਮੀਲ ਲਈ ਦੀਵਾਨ ਮੋਤੀ ਰਾਮ ਖ਼ੁਦ ਫੌਜ ਲੈਕੇ ਅਕਾਲੀ ਜੀ ਨੂੰ ਫ਼ੌਜੀ ਤਾਕਤ ਨਾਲ ਲਿਆਵਣ ਲਈ ਅਕਤੂਬਰ ਸੰਨ 1814 ਨੂੰ ਹੋ ਤੁਰਿਆ, ਪਰ ਦੀਵਾਨ ਦੀ ਹੈਰਾਨਗੀ ਦੀ ਕੋਈ ਹੱਦ ਨਾ ਰਹੀ ਜਦ ਮਾਖੋਵਾਲ ਦੇ ਮੈਦਾਨ ਵਿੱਚ ਉਸ ਨੇ ਆਪਣੀ ਫ਼ੌਜ ਨੂੰ ਅਕਾਲੀ ਫੂਲਾ ਸਿੰਘ ਨੂੰ ਘੇਰਾ ਪਾਣ ਦਾ ਹੁਕਮ ਦਿੱਤਾ ਤਾਂ ਅੱਗੋਂ ਸਾਰੀ ਫ਼ੌਜ ਨੇ ਹਥਿਆਰ ਜ਼ਮੀਨ 'ਤੇ ਰੱਖ ਦਿੱਤੇ ਤੇ ਅੱਗੇ ਵਧਣ ਤੋਂ ਸਾਫ਼ ਇਨਕਾਰ ਕੀਤਾ[2] ਤੇ ਆਖਿਆ ਕਿ ਅਕਾਲੀ ਫੂਲਾ ਸਿੰਘ ਵਰਗੇ ਬਲੀ ਜੋਧੇ ਤੇ ਧਰਮੀ ਮਹਾਂਪੁਰਖ ਦੀ ਅਸੀ ਕਦੀ ਭੀ ਅਵੱਗਿਆ ਨਹੀ ਕਰਾਂਗੇ ਭਾਵੇਂ ਸਿਰ ਭੀ ਕਿਉਂ ਨਾ ਦੇਣਾ ਪਏ। ਇੱਧਰ ਅੰਗਰੇਜੀ ਏਜੰਟ ਨੇ ਰਾਜਾ ਜਸਵੰਤ ਸਿੰਘ ਵਾਲੀਏ ਨਾਭਾ ਤੇ ਨਵਾਬ ਮਲੇਰਕੋਟਲੇ ਨੂੰ ਭੀ ਆਪਣੀਆਂ ਫ਼ੌਜਾ ਲੈਕੇ ਅਕਾਲੀ ਜੀ ਪਰ ਹੱਲਾ ਕਰਨ ਲਈ ਲਿਖਿਆ, ਪਰ ਨਤੀਜਾ ਓਹ ਕੁੱਝ ਸੀ ਜੋ ਮੋਤੀ ਰਾਮ ਨੂੰ ਪੇਸ਼ ਆਇਆ ਸੀ।[3] ਛੇਕੜ ਮਹਾਰਾਜਾ ਰਣਜੀਤ ਸਿੰਘ ਨੇ ਅਕਾਲੀ ਜੀ ਦੀ ਅਦੁੱਤੀ ਸੂਰਮਤਾਈ ਤੇ ਕੌਮ ਵਿੱਚ ਅਮਿੱਟ ਪਿਆਰ ਪਰ ਵਿਚਾਰ ਕੀਤੀ ਤਾਂ ਆਪ ਨੇ ਉਸੀ ਵਕਤ ਫ਼ੌਜ ਨੂੰ ਵਾਪਸ ਮੁੜਨ ਲਈ ਜ਼ਰੂਰੀ ਹੁਕਮ ਭਿਜਵਾਇਆ।[4]

ਸ਼ੇਰੇ ਪੰਜਾਬ ਨੇ ਫਿਰ ਬਾਬਾ ਸਾਹਿਬ ਸਿੰਘ ਜੀ ਬੇਦੀ ਨੂੰ ਆਪਣੇ ਪਾਸ ਬੁਲਾਇਆ, ਜੋ ਅਕਾਲੀ ਜੀ ਦੇ ਸਨੇਹੀ ਸਨ, ਤੇ ਸਮਝਾਇਆ ਕਿ ਜਿਸ ਤਰ੍ਹਾਂ ਹੋ ਸਕੇ ਆਪ ਜਾ ਕੇ ਅਕਾਲੀ ਜੀ ਨੂੰ ਸਾਡੇ ਪਾਸ ਲੈ ਆਵੋ, ਤੇ ਸਾਡੇ ਵੱਲੋਂ ਉਨ੍ਹਾਂ ਨੂੰ ਭਰੋਸਾ ਦਿਵਾਓ ਕਿ ਜਿੱਥੋਂ ਤੱਕ ਹੋ ਸਕੇਗਾ ਸਹਿਜੇ-ਸਹਿਜੇ ਉਨ੍ਹਾਂ ਦੀ ਇੱਛਾ ਪੂਰੀ ਕੀਤੀ ਜਾਏਗੀ। ਬਾਬਾ ਜੀ ਨੇ ਅਗਲੇ ਦਿਨ ਹੀ ਲਾਹੌਰ ਤੋਂ ਕੂਚ ਕਰ ਦਿੱਤਾ ਤੇ ਥੋਹੜੇ ਦਿਨਾਂ ਵਿੱਚ ਹੀ ਮੁਕਤਸਰ ਜਾ ਪਹੁੰਚੇ ਤੇ ਅਕਾਲੀ ਜੀ ਨੂੰ ਬੜੇ ਪਿਆਰ ਨਾਲ ਮਿਲੇ। ਫੇਰ ਮਹਾਰਾਜਾ ਸਾਹਿਬ ਦਾ ਆਸ਼ਾ ਉਨ੍ਹਾਂ ਨੂੰ ਕਹਿ ਸੁਣਾਇਆ।

ਅਕਾਲੀ ਜੀ ਨੂੰ ਕਿਸੇ ਨਾਲ ਜ਼ਾਤੀ ਵੈਰ ਤਾਂ ਹੈ ਹੀ ਨਹੀਂ ਸੀ ਕਿ ਕਿਸੇ ਗੱਲ ਦੀ ਜ਼ਿਦ ਕਰਦੇ, ਤਾਂ ਅਕਾਲੀ ਜੀ ਬਾਬਾ ਜੀ ਨਾਲ ਪੰਥ- ਸੇਵਾ ਲਈ ਸਣੇ ਆਪਣੇ ਜੱਥੇ ਦੇ ਸ੍ਰੀ ਅੰਮ੍ਰਿਤਸਰ ਵੱਲ ਮੁੜ ਪਏ।

ਅਕਾਲੀ ਫੂਲਾ ਸਿੰਘ ਜੀ ਦੇ ਜਦ ਸ੍ਰੀ ਅੰਮ੍ਰਿਤਸਰ ਜੀ ਪਹੁੰਚਣੇ ਦੀ ਖ਼ਬਰ ਸ਼ਹਿਰ ਵਿੱਚ ਪਹੁੰਚੀ ਤਾਂ ਉਸੀ ਵਕਤ ਹਜ਼ਾਰਾਂ ਲੋਕ ਆਪ ਦੇ ਦਰਸ਼ਨ ਨੂੰ ਆਉਂਦੇ ਤੇ ਡਾਢੇ ਪਿਆਰ ਅਤੇ ਸਤਿਕਾਰ ਨਾਲ ਆਪ ਨੂੰ ਮਿਲਦੇ। ਮਹਾਰਾਜਾ ਰਣਜੀਤ ਸਿੰਘ ਨੂੰ ਬਾਬਾ ਸਾਹਿਬ ਸਿੰਘ ਜੀ ਨੇ ਜਦ ਅਕਾਲੀ ਜੀ ਦੇ ਆਉਣ ਦੀ ਖ਼ਬਰ ਦਿੱਤੀ ਤਾਂ ਬਹੁਤ ਹੀ ਖ਼ੁਸ਼ ਹੋਏ ਤੇ ਉਸੀ ਵਕਤ ਸਣੇ ਕਈ ਸਰਦਾਰਾਂ ਦੇ ਅਕਾਲੀ ਜੀ ਨੂੰ ਮਿਲਣ ਆਏ ਤੇ ਦਰਸ਼ਨ ਕਰਕੇ ਮਹਾਰਾਜਾ ਸਾਹਿਬ ਬਹੁਤ ਹੀ ਪ੍ਰਸੰਨ ਹੋਏ ਤੇ ਜੱਥੇ ਲਈ ਬਹੁਤ ਸਾਰੇ ਹਥਿਆਰ, ਪੰਜਾਹ ਘੋੜੇ, ਦੋ ਹਾਥੀ ਅਤੇ ਚੋਖੀ ਸਾਰੀ ਰਸਦ ਆਦਿ ਅਕਾਲੀ ਜੀ ਦੀ ਭੇਟਾ ਕੀਤੀ। ਲੰਗਰ ਦੀ ਜਾਗੀਰ ਹੋਰ ਵਧਾਈ ਤੇ ਡੇਰੇ ਨਾਲ ਹੋਰ ਬਹੁਤ ਸਾਰੀਆਂ ਬਾਰਕਾਂ ਬਨਵਾਣ ਦਾ ਹੁਕਮ ਦਿੱਤਾ ਜਿਸਦਾ ਨਾਮ ਅਕਾਲੀਆਂ ਦੀ ਛਾਵਣੀ ਪ੍ਰਸਿੱਧ ਹੋਇਆ।[5] ਇਸ ਸਮੇਂ ਅਕਾਲੀ ਦਲ ਵਿੱਚ ਤਿੰਨ ਹਜ਼ਾਰ ਤੋਂ ਵੱਧ ਜੁਆਨ ਤਿਆਰ ਬਰ ਤਿਆਰ ਸੀ, ਜਿਨ੍ਹਾਂ ਵਿੱਚੋਂ 12 ਸੌ ਘੋੜ ਚੜ੍ਹੇ ਤੇ ਬਾਕੀ ਪੈਦਲ ਸਨ।

---

2. ਇੱਥੇ ਸੱਯਦ ਮੁਹੰਮਦ ਲਤੀਫ਼ ਦਾ ਲਿਖਣਾ ਕਿ ਅਕਾਲੀ ਫੂਲਾ ਸਿੰਘ ਨੂੰ ਦੀਵਾਨ ਮੋਤੀ ਰਾਮ ਫੜ ਕੇ ਲਾਹੌਰ ਲੈ ਆਇਆ, ਭਾਰੀ ਭੁੱਲ ਹੈ। ਦੇਖੋ ਸਰ ਲੈਪਲ ਗ੍ਰਿਫ਼ਨ ਪੰਜਾਬ ਰਾਜਾਜ਼, ਸਫਾ 319
3. ਸਰ ਲੈਪਲ ਗ੍ਰਿਫ਼ਨ ਪੰਜਾਬ ਰਾਜਾਜ਼, ਸਫਾ 419
4. ਇਸ ਤੋਂ ਅਕਾਲੀ ਫੂਲਾ ਸਿੰਘ ਦਾ ਆਮ ਲੋਕਾਂ ਦੇ ਦਿਲਾਂ ਵਿੱਚ ਡੂੰਘੇ ਪਿਆਰ ਦਾ ਤੇ ਉਸਦੇ ਦਬਦਬੇ ਦਾ ਸੌਖਾ ਹੀ ਪਤਾ ਲੱਗ ਜਾਂਦਾ ਹੈ। ਇਸ ਤਰ੍ਹਾਂ ਕਈ ਕੁ ਸਾਲ ਖ਼ਾਲਸਾ ਰਾਜ ਦੇ ਗੁੱਝੇ ਵੈਰੀ ਅਕਾਲੀ ਜੀ ਨੂੰ ਬਦਨਾਮ ਕਰਨ ਲਈ ਬਹੁਤ ਕੁੱਝ ਬਿਰਥਾ ਯਤਨ ਕਰਦੇ ਰਹਿੰਦੇ ਸਨ, ਪਰ ਉਹ ਸਦਾ ਆਪਣੇ ਮਨਸੂਬਿਆਂ ਵਿੱਚ ਅਸਫਲ ਰਹਿੰਦੇ ਸਨ।
5. ਸ਼ਹਿਰ ਦੇ ਇਸ ਹਿੱਸੇ ਨੂੰ ਹੁਣ ਤੱਕ ਨਿਹੰਗਾਂ ਦੀ ਛਾਉਣੀ ਆਖਦੇ ਹਨ।

(ਚਲਦਾ)

ਪੇਸ਼ਕਸ਼:
**ਹਰਦੇਵ ਬਰਾੜ**
ਮੁੱਖ ਸੰਪਾਦਕ



## Harcourts Topline

Licensed Agent REAA 2008

Your home is One of your most valuable *asset*

We are a complete **One stop shop** for all your Real Estate needs

We offer the following services:

- Residential Sales
- Rental Property Management (REINZ Accredited PM Company)
- Business Sales
- Commercial Sales
- Commercial Leasing

*Call **The Topline TEAM***

*for any of your Real Estate needs & more*

ਘਰ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ।





Hardev Brar
M: 027 442 7338
E: Hardev.brar@harcourts.co.nz

Mehul Mody
M: 021 990 080
E: mehul.mody@harcourts.co.nz

M 027442 7338 P 09 620 6222

hardev.brar@harcourts.co.nz www.toplinerealty.co.nz , 206 Stoddard Road, Mt Roskill,Auckland

## DH SUPERMARKET



ਇੱਥੇ ਹਰ ਪ੍ਰਕਾਰ ਦੀ ਗਰੋਸਰੀ ਅਤੇ ਤਾਜ਼ਾ ਸਬਜੀਆਂ ਮਿਲਦੀਆਂ ਹਨ।

**PAPATOETOE** – 141 Kolmar Road, Papatoetoe

**FLATBUSH** – 46 Ormiston Road, East Tāmaki

**PAPAKURA** – 38 O'Shannessey Street, Papakura

## SPARKLES JEWELLERS

SJ



BIS HALL MARKED JEWELLERY

LIFETIME JEWELLERY CLEANING SERVICE

MADE FROM 100% CERTIFIED PURE GOLD

LIFETIME STONE REPAIR SERVICE

208 Great South Road, Papatoetoe, Auckland 2025, New Zealand
+64 210 755 266

iColour Graphics T/A

## iSIGNS

DESIGN
PRINT
SIGN

**PRINTING**
- BUSINESS CARDS
- FLYERS
- PHOTOCOPY
- LAMINATION
- BINDING & MORE...

**SIGNAGE**
- SHOP SIGNS
- VEHICLE SIGNS
- FOOTPATH SIGNS
- PULL-UP BANNERS
- POSTERS & MORE...



PH: 0800 03 03 99 | MOB: 021 670 590
Email: icolourgraphics@gmail.com
UNIT 5/2 TIRONUI STATION ROAD WEST, TAKANINI




# ਕਾਂਗਰਸ 'ਚ ਸ਼ਾਮਲ ਹੋਈ CM ਜਗਨ ਦੀ ਭੈਣ ਸ਼ਰਮਿਲਾ




ਨਵੀਂ ਦਿੱਲੀ- ਆਂਧਰਾ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ YS ਰਾਜਸ਼ੇਖਰ ਰੈੱਡੀ ਦੀ ਧੀ ਅਤੇ ਯੁਵਜਨ ਸ਼੍ਰਮਿਕ ਰਿਥੂ ਤੇਲੰਗਾਨਾ ਪਾਰਟੀ ਦੀ ਸੰਸਥਾਪਕ YS ਸ਼ਰਮਿਲਾ ਕਾਂਗਰਸ 'ਚ ਸ਼ਾਮਲ ਹੋ ਗਈ। ਸ਼ਰਮਿਲਾ ਨੇ ਆਪਣੀ ਪਾਰਟੀ ਨੂੰ ਕਾਂਗਰਸ 'ਚ ਸ਼ਾਮਲ ਕਰਨ ਦਾ ਵੀ ਐਲਾਨ ਕੀਤਾ ਅਤੇ ਕਿਹਾ ਕਿ ਉਨ੍ਹਾਂ ਨੂੰ ਜੋ ਵੀ ਜ਼ਿੰਮੇਵਾਰੀ ਦਿੱਤੀ ਜਾਵੇਗੀ, ਉਹ ਉਸ ਨੂੰ ਨਿਭਾਏਗੀ। ਸ਼ਰਮਿਲਾ, ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਅਤੇ ਪਾਰਟੀ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਦੀ ਮੌਜੂਦਗੀ 'ਚ ਕਾਂਗਰਸ ਵਿਚ ਸ਼ਾਮਲ ਹੋਈ। ਕਾਂਗਰਸ ਦੀ ਸ਼ਲਾਘਾ ਕਰਦਿਆਂ ਸ਼ਰਮਿਲਾ ਨੇ ਕਿਹਾ ਕਿ ਇਹ ਦੇਸ਼ ਦੀ ਸਭ ਤੋਂ ਵੱਡੀ ਧਰਮ ਨਿਰਪੱਖ ਪਾਰਟੀ ਹੈ ਕਿਉਂਕਿ ਇਹ ਵਚਨਬੱਧਤਾ ਨਾਲ ਸਾਰੇ ਭਾਈਚਾਰਿਆਂ ਦੀ ਸੇਵਾ ਕਰਦੀ ਹੈ ਅਤੇ ਸਾਰੇ ਵਰਗਾਂ ਦੇ ਲੋਕਾਂ ਨੂੰ ਇਕਜੁਟ ਕਰਦੀ ਹੈ। ਮੈਨੂੰ ਬਹੁਤ ਖੁਸ਼ੀ ਹੋ ਰਹੀ ਹੈ ਕਿ YSR ਤੇਲੰਗਾਨਾ ਪਾਰਟੀ ਅੱਜ ਤੋਂ ਕਾਂਗਰਸ ਦਾ ਹਿੱਸਾ ਬਣਨ ਜਾ ਰਹੀ ਹੈ। ਸ਼ਰਮਿਲਾ ਨੇ ਅੱਗੇ ਕਿਹਾ ਕਿ ਰਾਹੁਲ ਗਾਂਧੀ ਨੂੰ ਸਾਡੇ ਦੇ ਪ੍ਰਧਾਨ ਮੰਤਰੀ ਦੇ ਰੂਪ 'ਚ ਵੇਖਣਾ ਮੇਰੇ ਪਿਤਾ ਦਾ ਸੁਫ਼ਨਾ ਸੀ ਅਤੇ ਮੈਂ ਬਹੁਤ ਖੁਸ਼ ਹਾਂ ਕਿ ਮੈਂ ਇਸ ਨੂੰ ਸਾਕਾਰ ਕਰਨ ਦਾ ਹਿੱਸਾ ਬਣਨ ਜਾ ਰਹੀ ਹਾਂ। ਕਾਂਗਰਸ ਮੈਨੂੰ ਜੋ ਵੀ ਜ਼ਿੰਮੇਵਾਰੀ ਦੇਵੇਗੀ, ਮੈਂ ਉਸ ਜ਼ਿੰਮੇਵਾਰੀ ਨੂੰ ਪੂਰੀ ਵਫ਼ਾਦਾਰੀ, ਈਮਾਨਦਾਰੀ ਅਤੇ ਸਖ਼ਤ ਮਿਹਨਤ ਨਾਲ ਨਿਭਾਉਣ ਦਾ ਵਾਅਦਾ ਕਰਦੀ ਹਾਂ। ਦੱਸ ਦੇਈਏ ਕਿ ਸ਼ਰਮਿਲਾ ਆਂਧਰਾ ਪ੍ਰਦੇਸ਼ ਦੀ ਮੁੱਖ ਮੰਤਰੀ ਵਾਈ. ਐੱਸ. ਉਹ ਜਗਨ ਮੋਹਨ ਰੈੱਡੀ ਦੀ ਛੋਟੀ ਭੈਣ ਹੈ।

# ਬੰਗਾਲ 'ਚ ਸੀਟਾਂ ਦੀ ਵੰਡ ਨੂੰ ਲੈ ਕੇ ਕਾਂਗਰਸ ਅਤੇ ਟੀਐੱਮਸੀ ਵਿਚਾਲੇ ਝੜਪ



ਕੋਲਕਾਤਾ, 4 ਜਨਵਰੀ- ਵਿਰੋਧੀ ਧਿਰਾਂ ਦੇ ਗੱਠਜੋੜ 'ਇੰਡੀਆ' ਨੂੰ ਉਸ ਵੇਲੇ ਵੱਡਾ ਝਟਕਾ ਲੱਗਿਆ ਜਦੋਂ ਅਗਾਮੀ ਲੋਕ ਸਭਾ ਚੋਣਾਂ ਸਬੰਧੀ ਬੰਗਾਲ 'ਚ ਸੀਟਾਂ ਦੀ ਵੰਡ 'ਤੇ ਕਾਂਗਰਸ ਅਤੇ ਤ੍ਰਿਣਮੂਲ ਕਾਂਗਰਸ ਵਿਚਾਲੇ ਝੜਪ ਹੋ ਗਈ। ਕਾਂਗਰਸ ਦੇ ਸੂਬਾ ਪ੍ਰਧਾਨ ਅਧੀਰ ਰੰਜਨ ਚੌਧਰੀ ਨੇ ਕਿਹਾ ਕਿ ਸਭ ਤੋਂ ਪੁਰਾਣੀ ਪਾਰਟੀ ਟੀਐੱਮਸੀ ਤੋਂ ਸੀਟ ਦੀ ਭੀਖ ਨਹੀਂ ਮੰਗੇਗੀ। ਉੱਧਰ, ਮਮਤਾ ਬੈਨਰਜੀ ਦੀ ਅਗਵਾਈ ਹੇਠਲੀ ਪਾਰਟੀ ਨੇ ਕਿਹਾ ਕਿ ਗੱਠਜੋੜ ਦੇ ਸਹਿਯੋਗੀਆਂ ਨੂੰ ਬੁਰਾ ਭਲਾ ਕਹਿਣਾ ਅਤੇ ਸੀਟਾਂ ਸਾਂਝੀਆਂ ਕਰਨਾ ਦੋਵੇਂ ਗੱਲਾਂ ਇਕੱਠੀਆਂ ਨਹੀਂ ਚੱਲ ਸਕਦੀਆਂ। ਟੀਐੱਮਸੀ ਦੇ ਕੱਟੜ ਆਲੋਚਕ ਚੌਧਰੀ ਨੇ ਬੰਗਾਲ ਦੀ ਸੱਤਾਧਾਰੀ ਪਾਰਟੀ 'ਤੇ ਵਿਰੋਧੀ ਗੱਠਜੋੜ ਨੂੰ ਮਜ਼ਬੂਤ ਕਰਨ ਦੀ ਬਜਾਏ 'ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸੇਵਾ' 'ਚ ਰੁੱਝੇ ਹੋਣ ਦਾ ਦੋਸ਼ ਲਗਾਉਂਦਿਆਂ ਹਮਲਾ ਕੀਤਾ। ਉਨ੍ਹਾਂ ਦੀ ਟਿੱਪਣੀ 'ਤੇ ਟੀਐੱਮਸੀ ਵੱਲੋਂ ਤਿੱਖੀ ਪ੍ਰਤੀਕਿਰਿਆ ਆਈ ਜਿਸ ਨੇ ਚੌਧਰੀ ਦੀ ਆਲੋਚਨਾ ਕਰਦੇ ਹੋਏ ਕਾਂਗਰਸ ਹਾਈ ਕਮਾਨ ਨੂੰ ਚਿਤਾਵਨੀ ਦਿੱਤੀ ਕਿ ਉਹ ਆਪਣੇ ਸੂਬਾ ਪ੍ਰਧਾਨ 'ਤੇ ਲਗਾਮ ਲਗਾਉਣ। ਦੋਵਾਂ ਧਿਰਾਂ 'ਚ ਸੀਟਾਂ ਦੀ ਵੰਡ ਵਿਵਾਦ ਦੀ ਵਜ੍ਹਾ ਬਣੀ ਹੋਈ ਹੈ। ਮੀਡੀਆ ਰਿਪੋਰਟ 'ਚ ਕਿਹਾ ਗਿਆ ਹੈ ਕਿ ਟੀਐੱਮਸੀ ਸਿਰਫ ਦੋ ਸੀਟਾਂ ਕਾਂਗਰਸ ਨੂੰ ਦੇਣਾ ਚਾਹੁੰਦੀ ਹੈ। ਪਰ ਕਾਂਗਰਸ ਦੀ ਬੰਗਾਲ ਇਕਾਈ ਨੂੰ ਇਹ ਮਨਜ਼ੂਰ ਨਹੀਂ ਹੈ। ਸਾਲ 2019 ਦੀਆਂ ਚੋਣਾਂ 'ਚ ਟੀਐੱਮਸੀ ਨੇ ਲੋਕ ਸਭਾ 'ਚ 22 'ਤੇ ਅਤੇ ਕਾਂਗਰਸ ਨੇ ਦੋ ਸੀਟਾਂ 'ਤੇ ਜਿੱਤ ਦਰਜ ਕੀਤੀ ਸੀ ਜਦੋਂ ਕਿ ਭਾਰਤੀ ਜਨਤਾ ਪਾਰਟੀ 18 ਸੀਟਾਂ ਜਿੱਤੀ ਸੀ। ਦੋਵੇਂ ਪਾਰਟੀਆਂ ਵਿੱਚ ਪਿਛਲੇ ਦਿਨਾਂ ਤੋਂ ਜ਼ੁਬਾਨੀ ਜੰਗ ਜਾਰੀ ਹੈ ਪਰ ਵੀਰਵਾਰ ਨੂੰ ਹਾਲਾਤ ਵਿਗੜ ਗਏ। ਚੌਧਰੀ ਨੇ ਟੀਐੱਮਸੀ ਦੀ ਆਲੋਚਨਾ ਕਰਦਿਆਂ ਕਿਹਾ ਕਿ ਉਹ ਬੰਗਾਲ 'ਚ ਕਾਂਗਰਸ ਨਾਲ ਗੱਠਜੋੜ ਕਰਨ ਲਈ ਗੰਭੀਰ ਨਹੀਂ ਹੈ।



**ਹਰਦੇਵ ਬਰਾੜ**



ਨਵਾਂ ਸਾਲ 2024 ਦੀਆਂ ਮੁਬਾਰਕਾਂ: ਨਵਾਂ ਸਾਲ ਸਿਰਫ਼ ਮੌਜ-ਮਸਤੀ ਅਤੇ ਆਤਿਸ਼ਬਾਜ਼ੀ ਦਾ ਨਹੀਂ ਹੈ, ਇਹ ਆਤਮ-ਨਿਰੀਖਣ ਦਾ ਪਲ ਹੈ, ਨਵੇਂ ਟੀਚੇ ਨਿਰਧਾਰਤ ਕਰਨ ਦਾ ਮੌਕਾ ਹੈ, ਅਤੇ ਭਵਿੱਖ ਲਈ ਸਾਡੀਆਂ ਦਿਲੀ ਇੱਛਾਵਾਂ ਪ੍ਰਗਟ ਕਰਨ ਦਾ ਸਮਾਂ ਹੈ। ਖੁਸ਼ੀ ਦੇ ਜਸ਼ਨਾਂ ਅਤੇ ਸੰਕਲਪਾਂ ਦੇ ਵਿਚਕਾਰ, ਇਹ ਸਾਡੇ ਅਜ਼ੀਜ਼ਾਂ, ਦੋਸਤਾਂ ਅਤੇ ਜਾਣੂਆਂ ਨੂੰ ਨਿੱਘੀਆਂ ਸ਼ੁਭਕਾਮਨਾਵਾਂ ਦੇਣ ਦਾ ਵਧੀਆ ਮੌਕਾ ਹੈ। ਜਿਉਂ-ਜਿਉਂ ਘੜੀ ਨਵੇਂ ਸਾਲ ਵੱਲ ਵਧਦੀ ਹੈ, ਸਾਡੇ ਦਿਲ ਉਮੀਦ, ਉਤਸ਼ਾਹ ਅਤੇ ਸਕਾਰਾਤਮਕਤਾ ਨਾਲ ਭਰ ਜਾਂਦੇ ਹਨ। ਨਵੇਂ ਸਾਲ ਦੀ ਆਮਦ ਚਮਕਦੀਆਂ ਕਹਾਣੀਆਂ, ਸੁਪਨਿਆਂ ਅਤੇ ਅਕਾਂਖਿਆਵਾਂ ਦੀ ਉਡੀਕ ਵਿੱਚ ਤਾਜ਼ਾ ਅਣਲਿਖਤ ਪੰਨੇ ਦਾ ਸੰਕੇਤ ਹੈ। ਇਹ ਅਤੀਤ ਨੂੰ ਅਲਵਿਦਾ ਕਹਿਣ, ਸਬਕਾਂ ਦੀ ਕਦਰ ਕਰਨ ਅਤੇ ਕੱਲ੍ਹ ਨੂੰ ਗਲੇ ਲਗਾਉਣ ਦਾ ਸਮਾਂ ਹੈ। ਅਤੇ ਜਿਵੇਂ ਕਿ ਅਸੀਂ ਬਿਲਕੁਲ ਨਵੇਂ ਸਾਲ ਦੀ ਦਹਿਲੀਜ਼ ‘ਤੇ ਖੜ੍ਹੇ ਹਾਂ, ਆਓ ਅਸੀਂ ਆਸ਼ਾਵਾਦ ਦੀ ਭਾਵਨਾ ਨੂੰ ਅਪਣਾਈਏ ਅਤੇ ਪਿਆਰ, ਉਮੀਦ ਅਤੇ ਸਦਭਾਵਨਾ ਦਾ ਸੰਦੇਸ਼ ਫੈਲਾਈਏ। ਤੁਹਾਡੇ ਦਿਨ ਸੋਨੇ ਵਿੱਚ ਰੰਗੇ ਜਾਣ। ਤੁਹਾਡੀ ਜ਼ਿੰਦਗੀ ਹੀਰਿਆਂ ਨਾਲ ਭਰ ਜਾਵੇ। ਤਾਰੇ ਤੁਹਾਡੀ ਦੁਨੀਆ ‘ਤੇ ਚਮਕਦੇ ਰਹਿਣ। ਤੁਹਾਡੇ ਲਈ ਇੱਕ ਮਜ਼ੇਦਾਰ ਭਰਿਆ ਸਾਲ ਹੋਵੇ. ਨਵਾਂ ਸਾਲ 2024 ਮੁਬਾਰਕ! ਜੋ ਹੋਇਆ ਹੈ ਉਸ ਨੂੰ ਬਦਲਣ ਲਈ ਕੋਈ ਵੀ ਸਮੇਂ ਨਾਲ ਪਿੱਛੇ ਨਹੀਂ ਜਾ ਸਕਦਾ। ਇਸ ਲਈ ਆਪਣੇ ਆਪ ਨੂੰ ਇੱਕ ਸ਼ਾਨਦਾਰ ਭਵਿੱਖ ਬਣਾਉਣ ਲਈ ਆਪਣੇ ਵਰਤਮਾਨ ‘ਤੇ ਕੰਮ ਕਰੋ। ਨਵਾਂ ਸਾਲ 2024 ਮੁਬਾਰਕ! ਨਵਾਂ ਸਾਲ ਹੈ, ਨਵੀਂਆਂ ਉਮੀਦਾਂ ਹਨ, ਨਵਾਂ ਸੰਕਲਪ ਹੈ, ਨਵੇਂ ਹਨ ਆਤਮੇ, ਅਤੇ ਨਵੀਆਂ ਹਨ ਮੇਰੀਆਂ ਨਿੱਘੀਆਂ ਸ਼ੁਭਕਾਮਨਾਵਾਂ ਤੁਹਾਡੇ ਲਈ। ਨਵਾਂ ਸਾਲ ਵਾਅਦਾ ਭਰਪੂਰ ਅਤੇ ਸੰਪੂਰਨ ਹੋਵੇ! ਨਵਾਂ ਸਾਲ ਇੱਕ ਕੋਰੀ ਕਿਤਾਬ ਵਾਂਗ ਹੈ। ਕਲਮ ਤੁਹਾਡੇ ਹੱਥ ਵਿੱਚ ਹੈ। ਇਹ ਤੁਹਾਡੇ ਲਈ ਇੱਕ ਸੁੰਦਰ ਕਹਾਣੀ ਲਿਖਣ ਦਾ ਮੌਕਾ ਹੈ। ਨਵਾ ਸਾਲ ਮੁਬਾਰਕ ਹਰ ਸਾਲ ਦਾ ਅੰਤ ਇੱਕ ਨਵੀਂ ਸ਼ੁਰੂਆਤ ਕਰਦਾ ਹੈ। ਆਪਣੀ ਭਾਵਨਾ ਅਤੇ ਦ੍ਰਿੜ ਇਰਾਦੇ ਨੂੰ ਅਡੋਲ ਰੱਖਣ ਲਈ, ਹਮੇਸ਼ਾ ਆਪਣੀ ਇੱਛਾ ਨੂੰ ਪ੍ਰਾਪਤ ਕਰਨ ਲਈ ਵਿਸ਼ਵਾਸ ਅਤੇ ਹਿੰਮਤ ਰੱਖੋ! ਇੱਕ ਨਵਾਂ ਸਾਲ ਇੱਕ ਖਾਲੀ ਕਿਤਾਬ ਵਾਂਗ ਹੈ, ਅਤੇ ਕਲਮ ਤੁਹਾਡੇ ਹੱਥ ਵਿੱਚ ਹੈ. ਇਹ ਤੁਹਾਡੇ ਲਈ ਇੱਕ ਸੁੰਦਰ ਕਹਾਣੀ ਲਿਖਣ ਦਾ ਮੌਕਾ ਹੈ। ਨਵਾ ਸਾਲ ਮੁਬਾਰਕ. ਜਿਵੇਂ ਹੀ ਨਵਾਂ ਸਾਲ ਸ਼ੁਰੂ ਹੁੰਦਾ ਹੈ, ਆਓ ਆਉਣ ਵਾਲੇ ਸਾਲ ਦੀਆਂ ਯਾਦਾਂ ਅਤੇ ਜੋਸ਼ ਨੂੰ ਅੱਗੇ ਵਧਾਉਂਦੇ ਹਾਂ। ਆਉਣ ਵਾਲਾ ਸਾਲ ਮੁਸਕਰਾਹਟ, ਜਿੱਤਾਂ ਅਤੇ ਹੋਰ ਸਫਲਤਾ ਅਤੇ ਸੰਤੁਸ਼ਟੀ ਤੱਕ ਪਹੁੰਚਣ ਦੇ ਮੌਕਿਆਂ ਨਾਲ ਭਰਿਆ ਹੋਵੇ। ਸਾਰਿਆਂ ਲਈ ਖੁਸ਼ੀ, ਸ਼ਾਂਤੀ ਅਤੇ ਬੇਅੰਤ ਸੰਭਾਵਨਾਵਾਂ ਨਾਲ ਭਰਪੂਰ ਸਾਲ ਦੀ ਕਾਮਨਾ ਕਰਦਾ ਹਾਂ। ਇੱਥੇ ਨਵੀਂ ਸ਼ੁਰੂਆਤ, ਤਾਜ਼ੀਆਂ ਇੱਛਾਵਾਂ, ਅਤੇ ਅਟੁੱਟ ਉਮੀਦ ਹੈ ਕਿ ਨਵਾਂ ਸਾਲ ਸਾਰਿਆਂ ਲਈ ਇੱਕ ਚਮਕਦਾਰ ਕੱਲ ਦਾ ਵਾਅਦਾ ਕਰਦਾ ਹੈ। ਨਵਾ ਸਾਲ ਮੁਬਾਰਕ!




# ਆਸਟ੍ਰੇਲੀਆ ਭਰ ’ਚ ਜੋਸ਼-ਖਰੋਸ਼ ਨਾਲ ਮਨਾਏ ਗਏ ਨਵੇਂ ਸਾਲ ਦੇ ਜਸ਼ਨ






ਬ੍ਰਸਬੇਨ : ਆਸਟ੍ਰੇਲੀਆ ਦੇ ਵੱਖ-ਵੱਖ ਸ਼ਹਿਰਾਂ ’ਚ ਨਵੇਂ ਸਾਲ ਦਾ ਸਵਾਗਤ ਬਹੁਤ ਹੀ ਉਤਸ਼ਾਹ, ਜੋਸ਼-ਖਰੋਸ਼ ਤੇ ਨਵੀਆ ਉਮੰਗਾਂ ਨਾਲ ਕੀਤਾ ਗਿਆ। ਰਾਤ 12 ਵੱਜਦੇ ਸਾਰ ਹੀ ਆਸਟ੍ਰੇਲੀਆ ਦੇ ਪ੍ਰਮੁੱਖ ਸ਼ਹਿਰ ਸਿਡਨੀ, ਮੈਲਬੋਰਨ, ਪਰਥ, ਐਡੀਲੇਡ, ਗੋਲਡ ਕੋਸਟ ਤੇ ਬ੍ਰਿਸਬੇਨ ਵਿਖੇ ਬਹੁਤ ਹੀ ਮਨਮੋਹਣੀ ਤੇ ਦਿਲਕਸ਼ ਆਤਿਸ਼ਬਾਜੀ ਕੀਤੀ ਗਈ। ਕੁਈਨਜ਼ਲੈਂਡ ਦੇ ਸ਼ਹਿਰ ਬ੍ਰਿਸਬੇਨ ਸਿਟੀ, ਸਾਊਥ ਬੈਂਕ ਵਿਖੇ ਵੀ ਬੀਤੇ ਸਾਲ ਨੂੰ ਅਲਵਿਦਾ ਕਹਿਣ ਤੇ ਨਵੇਂ ਸਾਲ ਦੇ ਸਵਾਗਤ ਦੇ ਲਈ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਸਵੇਰ ਤੋ ਹੀ ਇਕੱਠੇ ਹੋਣੇ ਸ਼ੁਰੂ ਹੋ ਗਏ ਸਨ, ਜੋ ਕਿ ਦੇਰ ਰਾਤ ਤੱਕ ਆਤਿਸ਼ਬਾਜੀ ਦਾ ਨਜਾਰਾ ਵੇਖਣ ਲਈ ਰੁਕੇ ਰਹੇ। ਰਾਤ 8:30 ਵਜੇ ਤੇ ਫਿਰ ਰਾਤ 12 ਵੱਜਦੇ ਹੀ ਆਤਿਸ਼ਬਾਜੀ ਦਾ ਬਹੁਤ ਹੀ ਮਨਮੋਹਣਾ ਨਜ਼ਾਰਾ ਵੇਖਣ ਨੂੰ ਮਿਲਿਆ ਤੇ ਸਾਰੇ ਲੋਕ ਖੁਸ਼ੀ ਵਿਚ ਖੀਵੇ ਹੋ ਕੇ ਇਕ ਦੂਸਰੇ ਨੂੰ ਸ਼ੁਭਕਾਮਨਾਵਾਂ ਦਿੱਤੀਆ ਤੇ ਨਵੇਂ ਸਾਲ 2024 ਦੇ ਸਵਾਗਤ ਵਿੱਚ ਖੁਸ਼ਆਮਦੀਦ ਆਖਿਆ। ਕ੍ਰਿਸਮਸ ਤੋ ਲੈ ਕੇ ਨਵੇਂ ਸਾਲ ਦੀ ਆਮਦ ਤੱਕ ਪੂਰਾ ਹਫ਼ਤਾ ਲੋਕ ਛੁੱਟੀਆਂ ਮਨਾਉਦੇ ਹੋਏ ਖਰੀਦਦਾਰੀ ਕਰਦੇ ਰਹੇ ਤੇ ਤੋਹਫੇ, ਮਠਿਆਈਆਂ ਦਾ ਅਦਾਨ-ਪ੍ਰਦਾਨ ਕਰਦੇ ਹੋਏ ਨਵੇ ਸਾਲ ਦੇ ਜਸ਼ਨ ਮਨਾਉਂਦੇ ਰਹੇ। ਨ ਵੇਂ ਸਾਲ ਦੀ ਆਮਦ ਤੇ ਕੁਝ ਸਥਾਨਕ ਲੋਕਾਂ ਵਲੋਂ ਗਿਰਜਾ ਘਰ ਵਿਚ ਪ੍ਰਾਥਨਾ ਸਭਾਵਾਂ ਕੀਤੀਆਂ ਤੇ ਭਾਰਤੀ ਭਾਈਚਾਰੇ ਵਲੋਂ ਵੀ ਨਵਾਂ ਸਾਲ ਮੰਦਿਰਾਂ ਤੇ ਗੁਰੂਘਰਾਂ ਵਿਖੇ ਨਤਮਸਤਕ ਹੋ ਕੇ ਬੜੇ ਹੀ ਉਤਸ਼ਾਹ ਤੇ ਉਮੰਗ ਨਾਲ ਮਨਾਇਆ ਗਿਆ। ਨਵੇਂ ਸਾਲ ਨੂੰ ਧਿਆਨ ਵਿੱਚ ਰੱਖਦਿਆਂ ਗੁਰਦੁਆਰਾ ਕਲਗੀਧਰ ਸਾਹਿਬ ਟਾਕਾਨਿਨੀ ਵਿਖੇ ਕਈ ਧਾਰਮਿਕ ਸਮਾਗਮ ਉਲੀਕੇ ਗਏ ਸਨ, ਜੋ ਸਵੇਰੇ ਸ਼ੁਰੂ ਹੋ ਰਾਤ ਭਰ ਚੱਲੇ, ਹਜ਼ੂਰੀ ਰਾਗੀ ਦਰਬਾਰ ਸਾਹਿਬ ਭਾਈ ਕਾਰਜ ਸਿੰਘ ਨੇ ਕੀਰਤਨ ਰਾਹੀ ਸੰਗਤ ਨੂੰ ਕਰਵਾਇਆ ਨਵੇ ਸਾਲ ਵਿੱਚ ਪ੍ਰਵੇਸ਼ । ਇਸ ਮੌਕੇ ਹਜਾਰਾਂ ਦੀ ਗਿਣਤੀ ਵਿੱਚ ਸੰਗਤਾਂ ਨੇ ਪੁੱਜਕੇ ਗੁਰੂਘਰ ਦੀਆਂ ਖੁਸ਼ੀਆਂ ਹਾਸਿਲ ਕੀਤੀਆਂ ਤੇ ਸਾਂਝੇ ਤੌਰ ‘ਤੇ ਨਵੇਂ ਸਾਲ ਦਾ ਸੁਆਗਤ ਕੀਤਾ।

# ਸਰੂਪ ਸਿੰਘ ਸਰੂਪ



ਸਰੂਪ ਸਿੰਘ ਸਰੂਪ ਕਲਾਸੀਕਲ ਗਾਇਕੀ ਨੂੰ ਸਮਰਪਿਤ ਉਹ ਬੰਦਾ ਹੈ, ਜਿਸ ਨੇ ਸਾਰੀ ਉਮਰ ਰਾਗਾਂ ਨਾਲ ਸਾਂਝ ਪੁਗਾਈ। ਸਰੂਪ ਸਿੰਘ ਨੇ ਨੱਬੇ ਫ਼ੀਸਦੀ ਧਾਰਮਿਕ ਗੀਤ ਗਾਏ ਤੇ ਮਸਾਂ ਦਸ ਫ਼ੀਸਦੀ ਰੋਮਾਂਟਿਕ ਰੰਗ ਵਾਲੇ। ਉਮਰ ਉਸ ਦੀ ਪਝੱਤਰਾਂ ਨੂੰ ਢੁੱਕ ਗਈ ਹੈ ਤੇ ਦਾੜ੍ਹੀ ਦੇ ਵਾਲ਼ ਵੀ ਪਝੱਤਰ ਫ਼ੀਸਦੀ ਦੁੱਧ ਚਿੱਟੇ ਹੋ ਗਏ ਨੇ। ਸਰੂਪ ਸਿੰਘ ਦੀਆਂ ਗੱਲਾਂ ਵਿੱਚੋਂ ਤਜਰਬਾ ਤੇ ਸਿਆਣਪ ਝਲਕਦੀ ਹੈ। ਉਹ ਅਸਮਾਨ ਨੂੰ ਟਾਕੀਆਂ ਨਹੀਂ ਲਾਉਂਦਾ, ਸਗੋਂ ਹਰ ਗੱਲ ਮੂੰਹੋਂ ਕੱਢਣ ਤੋਂ ਪਹਿਲਾਂ ਛਾਨਣੀ ਲਾਉਂਦਾ ਹੈ। ਉਸ ਦੀ ਦਿੱਖ ਹੀ ਦੱਸ ਦਿੰਦੀ ਹੈ ਕਿ ਉਹ ਸਰਦਾ-ਪੁੱਜਦਾ ਬੰਦਾ ਹੈ। ਕਨੇਡਾ ਉਸ ਦਾ ਆਉਣ-ਜਾਣ ਲੱਗਾ ਰਹਿੰਦਾ ਹੈ ਕਿਉਂਕਿ ਉਸ ਦੇ ਮੁੰਡੇ ਟੋਰਾਂਟੋ ਰਹਿੰਦੇ ਹਨ। ਜੇ ਉਹ ਚਾਹੁੰਦਾ ਤਾਂ ਆਪਣੀ ਅਵਾਜ਼ ਦੇ ਦਮ ’ਤੇ ਚੋਟੀ ਦਾ ਦੋਗਾਣਾ ਗਾਇਕ ਬਣ ਸਕਦਾ ਸੀ, ਪਰ ਇਸ ਤਰ੍ਹਾਂ ਦੀ ਗਾਇਕੀ ਨੇ ਉਸ ਦੀ ਰੂਹ ਨੂੰ ਸਕੂਨ ਨਾ ਦਿੱਤਾ ਤੇ ਉਹ ਸਿਰਫ਼ ਤੇ ਸਿਰਫ਼ ਧਾਰਮਿਕ ਗੀਤ ਗਾਉਣ ਲੱਗ ਗਿਆ। ਉਸ ਦੀਆਂ ਗੱਲਾਂ ਤੇ ਗੀਤਾਂ ਵਿੱਚੋਂ ਸਿੱਖ ਧਰਮ ਪ੍ਰਤੀ ਸ਼ਰਧਾ ਡੁੱਲ੍ਹ-ਡੁੱਲ੍ਹ ਪੈਂਦੀ ਹੈ। ਕਦੇ ਉਹ ਬਾਜਾਂ ਵਾਲੇ ਦੀਆਂ ਸਿਫ਼ਤਾਂ ਕਰਦਾ ਹੈ, ਕਦੇ ਪਹਿਲੀ ਪਾਤਸ਼ਾਹੀ ਦੀਆਂ, ਕਦੇ ਅਜੀਤ-ਜੁਝਾਰ ਦੀਆਂ ਤੇ ਕਦੇ ਮਾਤਾ ਗੁਜਰੀ ਦੀਆਂ। ਉਸ ਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਉਸ ਨੇ ਹਮੇਸ਼ਾ ਮਨ ਦੀ ਸੁਣੀ ਤੇ ਚੱਕਲੋ-ਚੱਕਲੋ ਵਾਲੀ ਗਾਇਕੀ ਦੇ ਜਾਲ ’ਚ ਨਹੀਂ ਫਸਿਆ। ਉਹ ਆਖਦੈ, ‘ਬੰਦਾ ਰੋਟੀ ਲਈ ਹਰ ਕੰਮ ਕਰਦੈ, ਧਾਰਮਿਕ ਗਾਉਣ ਨਾਲ ਮੇਰੀ ਰੋਟੀ ਤੁਰਦੀ ਗਈ, ਸੋ ਮੈਂ ਕਦੇ ਸੋਚਿਆ ਹੀ ਨਾ ਕਿ ਲਿੱਪਾ-ਪੋਚੀ ਵਾਲਾ ਗਾਇਆ ਜਾਵੇ।’

ਸਰੂਪ ਸਿੰਘ ਸਰੂਪ ਨਵਾਂ ਸ਼ਹਿਰ ਦੇ ਪਿੰਡ ਬਰਨਾਲਾ ਕਲਾਂ ਦਾ ਰਹਿਣ ਵਾਲਾ ਹੈ। ਸ਼ਹਿਰ ਦੇ ਕੋਠੀ ਰੋਡ ’ਤੇ ਉਸ ਨੇ ‘ਸਰੂਪ ਮਿਊਜ਼ਿਕ ਹਾਊਸ’ ਖੋਲ੍ਹਿਆ ਹੋਇਆ ਹੈ, ਜਿੱਥੇ ਉਹ ਆਪਣੇ ਨੇਤਰਹੀਣ ਸਾਥੀ ਰਾਮ ਸਿੰਘ ਨਾਲ ਨਿਆਣਿਆਂ-ਸਿਆਣਿਆਂ ਨੂੰ ਸੰਗੀਤ ਦੀਆਂ ਬਰੀਕੀਆਂ ਸਿਖਾਉਂਦਾ ਹੈ। ਇੱਥੇ ਵੀ ਉਹ ਕਮਾਈ ਘੱਟ ਤੇ ਰੂਹਦਾਰੀ ਵੱਧ ਕਰਦਾ ਹੈ। ਅੰਗਹੀਣਾਂ ਅਤੇ ਗ਼ਰੀਬ ਬੱਚਿਆਂ ਨੂੰ ਸੰਗੀਤ ਦੀਆਂ ਬਰੀਕੀਆਂ ਮੁਫ਼ਤ ਸਿਖਾਈਆਂ ਜਾਂਦੀਆਂ ਨੇ ਤੇ ਬਾਕੀਆਂ ਤੋਂ ਤਿੰਨ ਕੁ ਸੌ ਰੁਪਿਆ ਪ੍ਰਤੀ ਮਹੀਨਾ ਲਿਆ ਜਾਂਦਾ ਹੈ।

ਸਰੂਪ ਸਿੰਘ ਦੇ ਪਿਤਾ ਜਥੇਦਾਰ ਹਰਨਾਮ ਸਿੰਘ ਕਲਾਸੀਕਲ ਸੰਗੀਤ ਦੀ ਮੰਨੀ-ਪ੍ਰਮੰਨੀ ਹਸਤੀ ਸਨ। ਉਹ ਸ਼ਬਦ ਗਾਇਨ ਕਰਨ ਵਿੱਚ ਮਾਹਿਰ ਸਨ ਤੇ ਪੈਸਿਆਂ ਦੀ ਥਾਂ ਸੰਤੁਸ਼ਟੀ ਖਾਤਰ ਗਾਉਂਦੇ ਰਹਿੰਦੇ। ਘਰ ਦਾ ਸਾਰਾ ਮਾਹੌਲ ਧਾਰਮਿਕ ਰੰਗਣ ਵਿੱਚ ਰੰਗਿਆ ਹੋਇਆ ਸੀ ਤੇ ਖੇਤੀਬਾੜੀ ਕਰਕੇ ਪਰਿਵਾਰ ਦਾ ਤੋਰਾ ਤੁਰਦਾ ਸੀ। ਮਾਤਾ ਹਿੰਦ ਕੌਰ ਰੱਬ ਦਾ ਨਾਂ ਜਪਦੀ ਰਹਿੰਦੀ ਤੇ ਚਾਹੁੰਦੀ ਸੀ ਕਿ ਉਸ ਦਾ ਮੁੰਡਾ ਸਰੂਪ ਜੇ ਗਾਉਣਾ ਚਾਹਵੇ ਤਾਂ ਧਾਰਮਿਕ ਰੰਗਣ ਵਾਲਾ ਗਾਵੇ। ਘਰਦਿਆਂ ਨੇ ਉਸ ਦਾ ਨਾਂ ‘ਸਰੂਪ ਸਿੰਘ’ ਰੱਖਿਆ ਸੀ, ਪਰ ਬਾਅਦ ਵਿੱਚ ਜਦੋਂ ਉਹ ਰੇਡੀਓ ’ਤੇ ਗਾਉਣ ਲੱਗਾ ਤਾਂ ਆਪਣੇ ਨਾਂ ਪਿੱਛੇ ਵੀ ਪਹਿਲਾ ਅੱਖਰ ‘ਸਰੂਪ’ ਲਿਖਣ ਲੱਗ ਪਿਆ ਅਤੇ ਉਹ ਸਰੂਪ ਸਿੰਘ ਸਰੂਪ ਬਣ ਗਿਆ। ਸਰੂਪ ਹੁਰੀਂ ਦੋ ਭਰਾ ਹਨ ਅਤੇ ਇੱਕ ਭੈਣ।

ਸਰੂਪ ਸਿੰਘ ਦਾ ਪਿੱਛਾ ਪਾਕਿਸਤਾਨ ਦੇ ਜ਼ਿਲ੍ਹੇ ਮੁਲਤਾਨ ਵਿਚਲੇ ਪਿੰਡ ਚੱਕ ਨੰਬਰ 115-15 ਐਲ ਨਾਲ ਜੁੜਿਆ ਹੋਇਆ ਹੈ। ਜਨਮ ਉਸ ਦਾ 1933 ਵਿੱਚ ਹੋਇਆ। ਜਦੋਂ ਉਸ ਨੇ ਥੋੜ੍ਹੀ ਜਿਹੀ ਸੁਰਤ ਸੰਭਾਲੀ ਤਾਂ ਪਿਤਾ ਨੇ ਉਸ ਨੂੰ ਰਾਗਾਂ ਦੀ ਵਿੱਦਿਆ ਦੇਣੀ ਸ਼ੁਰੂ ਕਰ ਦਿੱਤੀ। ਜਿਉਂ-ਜਿਉਂ ਸਰੂਪ ਦੀ ਸੋਚ ਜਵਾਨ ਹੁੰਦੀ ਗਈ, ਕਲਾਸੀਕਲ ਸੰਗੀਤ ਨਾਲ ਉਸ ਦਾ ਲਗਾਅ ਵਧਦਾ ਗਿਆ। ਕਲਾਸੀਕਲ ਸੰਗੀਤ ਦੀਆਂ ਬਰੀਕੀਆਂ ਤੋਂ ਵਧੇਰੇ ਜਾਣੂ ਹੋਣ ਲਈ ਉਸ ਨੇ ਹਦੀਆਬਾਦ ਵਾਲੇ ਉਸਤਾਦ ਜਨਾਬ ਰਤਨ ਜੀ ਨੂੰ ਉਸਤਾਦ ਧਾਰ ਲਿਆ, ਜਿਨ੍ਹਾਂ ਫਗਵਾੜਾ ਵਿਖੇ ਆਪਣਾ ਸੰਗੀਤ ਵਿਦਿਆਲਿਆ ਖੋਲ੍ਹਿਆ ਹੋਇਆ ਸੀ।

ਸਰੂਪ ਸਿੰਘ ਨੇ ਸੰਗੀਤ ਵਿੱਚ ਹੋਰ ਨਿਪੁੰਨ ਹੋਣ ਲਈ ‘ਪ੍ਰੀਆਗ ਸੰਗੀਤ ਸਮਿਤੀ, ਇਲਾਹਾਬਾਦ’ ਤੋਂ ਸੰਗੀਤ ਦੀ ਐਮ.ਏ. ਕਰ ਲਈ ਅਤੇ ਨਵਾਂ ਸ਼ਹਿਰ ਦੇ ਕੋਠੀ ਰੋਡ ’ਤੇ ਆਪਣਾ ਸੰਗੀਤ ਘਰ ਖੋਲ੍ਹ ਲਿਆ। ਕਈ ਢਾਡੀਆਂ ਨੇ ਸਰੂਪ ਨੂੰ ਸਲਾਹ ਦਿੱਤੀ ਕਿ ਤੂੰ ਕਲਾਸੀਕਲ ਗਾਇਕੀ ਦੇ ਚੱਕਰ ਵਿੱਚ ਪੈਣਾ ਛੱਡ ਤੇ ਸਾਡੇ ਵਾਲਾ ਕੰਮ ਸ਼ੁਰੂ ਕਰ ਦੇ, ਪੰਜ-ਸੱਤ ਸੌ ਰੁਪਿਆ ਮਹੀਨਾ ਮਿਲਿਆ ਕਰੂ, ਪਰ ਉਸ ਨੇ ਕੋਰੀ ਨਾਂਹ ਕਰ ਦਿੱਤੀ। ਸਮਾਂ ਬੀਤਦਾ ਗਿਆ ਅਤੇ ਸਰੂਪ ਸਿੰਘ ਸਰੂਪ ਦਾ ਚੰਗੇ-ਚੰਗੇ ਸ਼ਾਇਰਾਂ ਤੇ ਗਾਇਕਾਂ ਨਾਲ ਵਾਹ ਪੈਣਾ ਸ਼ੁਰੂ ਹੋ ਗਿਆ। ਚਰਨ ਸਿੰਘ ਸਫ਼ਰੀ, ਅਜਮੇਰ ਸਿੰਘ ਦੀਵਾਨਾ ਤੇ ਪਿਆਰਾ ਸਿੰਘ ਨਿਰਛਲ ਨਾਲ ਉਸ ਦੀ ਬਹਿਣੀ-ਉੱਠਣੀ ਸ਼ੁਰੂ ਹੋ ਗਈ ਤੇ ਉਸ ਨੇ ਉਨ੍ਹਾਂ ਦੇ ਗੀਤ ਰੇਡੀਓ ’ਤੇ ਗਾਉਣੇ ਸ਼ੁਰੂ ਕਰ ਦਿੱਤੇ।

ਘਰ ਵਿੱਚ ਸਿਰੇ ਦੀ ਗ਼ਰੀਬੀ ਸੀ, ਪਰ ਕਲਾਸੀਕਲ ਨਾਲ ਰੋਟੀ ਨਹੀਂ ਸੀ ਤੁਰਦੀ। ਹਲਕਾ ਗਾਉਣ ਵਾਲੇ ਗਾਇਕ ਪ੍ਰੋਗਰਾਮ ਕਰਕੇ ਪੰਜ ਸੌ ਰੁਪਿਆ ਲੈ ਜਾਂਦੇ ਤੇ ਸਰੂਪ ਸਿੰਘ ਵਰਗੇ ਰਾਗਾਂ ਦੇ ਜਾਣਕਾਰ ਵਿਹਲੇ ਬੈਠੇ ਰਹਿੰਦੇ। ਫੇਰ ਉਸ ਨੇ ਅਣਮੰਨੇ ਮਨ ਨਾਲ ਵਿਉਂਤ ਬਣਾਈ ਕਿ ਕਿਉਂ ਨਾ ਥੋੜ੍ਹਾ ਜਿਹਾ ‘ਲਾਈਟ’ ਗਾਉਣਾ ਸ਼ੁਰੂ ਕੀਤਾ ਜਾਵੇ ਕਿਉਂਕਿ ਕਲਾਸੀਕਲ ਨੂੰ ਤਾਂ ‘ਐਚ.ਐਮ.ਵੀ’ ਵਾਲੇ ਵੀ ਰਿਕਾਰਡ ਨਹੀਂ ਸਨ ਕਰਦੇ। ਉਨ੍ਹਾਂ ਦਾ ਕਹਿਣਾ ਸੀ, ‘ਲੋਕ ਹਲਕਾ-ਫੁਲਕਾ ਸੁਣਦੇ ਨੇ, ਕਿਸੇ ਨੇ ਰਾਗਾਂ ਵਾਲੀ ਗਾਇਕੀ ਤੋਂ ਕੀ ਕਰਾਉਣੈ ?’

ਚਾਂਦੀ ਰਾਮ ਚਾਂਦੀ ਵੀ ਸਰੂਪ ਸਿੰਘ ਸਰੂਪ ਦੀ ਗਾਇਕੀ ਤੋਂ ਪ੍ਰਭਾਵਿਤ ਸੀ ਤੇ ਪਹਿਲੀ ਵਾਰ ਉਸੇ ਨੇ ਸਰੂਪ ਨੂੰ ਰਿਕਾਰਡਿੰਗ ਸਟੂਡੀਓ ਦਾ ਮੂੰਹ ਦਿਖਾਇਆ। ਉਸ ਨੇ ‘ਐਚ.ਐਮ.ਵੀ’ ਵਾਲਿਆਂ ਨੂੰ ਨਵੀਂ ਅਵਾਜ਼ ਵਾਲਾ ਮੁੰਡਾ ਰਿਕਾਰਡ ਕਰਨ ਲਈ ਆਖਿਆ ਤੇ ਕੰਪਨੀ ਨੇ ਉਸ ਦੀ ਮੰਨ ਲਈ। ਸਰੂਪ ਸਿੰਘ ਦਾ ਈ.ਪੀ. ਰਿਕਾਰਡ ਮਾਰਕੀਟ ਵਿੱਚ ਆ ਗਿਆ, ਜਿਸ ਵਿੱਚ ਉਸ ਦੇ ਦੋ ਗੀਤ ਦਰਜ ਸਨ। ਇੱਕ ਗੀਤ ਦੇ ਬੋਲ ਸਨ, ‘ਕਿਹੜੇ ਪਿੰਡ ਮੁਕਲਾਵੇ ਜਾਣਾ ਨਿੰਮ ਦੇ ਸੰਦੂਕ ਵਾਲੀਏ’ ਤੇ ਦੂਜੇ ਦੇ ਬੋਲ ਉਸ ਨੂੰ ਚੇਤੇ ਨਹੀਂ।

ਚੰਗਾ ਗਾਇਕ ਹੋਣ ਕਰਕੇ ਨਰਿੰਦਰ ਬੀਬਾ ਵੀ ਸਰੂਪ ਦੀ ਕਲਾ ਦੀ ਕਦਰ ਕਰਦੀ, ਪਰ ਕੰਪਨੀ ਸਰੂਪ ਦੇ ਕਲਾਸੀਕਲ ਸ਼ਬਦ ਰਿਕਾਰਡ ਕਰਨ ਲਈ ਮੰਨ ਨਹੀਂ ਰਹੀ ਸੀ। ਬੀਬਾ ਦੇ ਪਤੀ ਨਾਲ ਸਰੂਪ ਸਿੰਘ ਦੀ ਚੰਗੀ ਮਿੱਤਰਤਾ ਸੀ ਤੇ ਇੱਕ ਵਾਰ ਜਦੋਂ ਬੀਬਾ ਸਰੂਪ ਸਿੰਘ ਦੇ ਘਰ ਆਈ ਤਾਂ ਕਿਹਾ, ‘ਤੁਸੀਂ ਮੇਰੇ ਨਾਲ ਦਿੱਲੀ ਚੱਲੋ, ਆਪਾਂ ਦੋਗਾਣੇ ਰਿਕਾਰਡ ਕਰਾਵਾਂਗੇ।’ ਸਰੂਪ ਸਿੰਘ ਢਹੇ ਜਿਹੇ ਮਨ ਨਾਲ ਦਿੱਲੀ ਚਲਾ ਗਿਆ ਕਿਉਂਕਿ ਉਸ ਨੂੰ ਸਮਝੌਤਾ ਕਰਨਾ ਪੈ ਰਿਹਾ ਸੀ।

ਜਦੋਂ ਉਸ ਦਾ ਦੋਗਾਣਾ ਰਿਕਾਰਡ ਮਾਰਕੀਟ ਵਿੱਚ ਆਇਆ ਤਾਂ ਉਸ ਦੀ ਚੰਗੀ ਵਿਕਰੀ ਹੋਈ। ਕੰਪਨੀ ਵਾਲਿਆਂ ਨੂੰ ਸਰੂਪ ਸਿੰਘ ਦੀ ਕਲਾ ਚੰਗੀ ਲੱਗਣ ਲੱਗ ਗਈ ਪਰ ਉਸ ਦੀ ਘੁੰਡੀ ਪਹਿਲਾਂ ਵਾਲੇ ਥਾਂ ’ਤੇ ਹੀ ਫਸੀ ਹੋਈ। ਅਖੇ, ‘ਜੇ ਗਾਉਣਾ ਤਾਂ ਧਾਰਮਿਕ ਹੀ ਗਾਉਣੈ, ਮੈਂ ਢਕਵੰਜਾਂ ਵਾਲੀ ਗਾਇਕੀ ਵੱਲ ਮੂੰਹ ਨਹੀਂ ਕਰਨਾ।’

ਨਰਿੰਦਰ ਬੀਬਾ ਨਾਲ ਰਿਕਾਰਡ ਹੋਇਆ ਸਰੂਪ ਸਿੰਘ ਸਰੂਪ ਦਾ ਇੱਕ ਦੋਗਾਣਾ ਦਿਓਰ-ਭਾਬੀ ਦੀ ਨੋਕ-ਝੋਕ ਵਾਲਾ ਸੀ। ਸਰੂਪ ਸਿੰਘ ਆਖਦਾ, ‘ਦੇ ਦੇ ਭਾਬੀ ਦੁੱਧ ਦਾ ਕਟੋਰਾ ਛੋਟੇ ਦੇਰ (ਦਿਓਰ) ਨੂੰ’ ਤੇ ਅੱਗੋਂ ਉਹ ਆਖਦੀ, ‘ਤੈਨੂੰ ਟੁੱਟ ਪੈਣਿਆਂ ਪੁੱਛਾਂਗੀ ਸਵੇਰ ਨੂੰ।’ ਇਸ ਈ.ਪੀ ਰਿਕਾਰਡ ਦੇ ਦੂਜੇ ਪਾਸੇ ਵਾਲੇ ਗੀਤ ਵਿੱਚ ਸਧਾਰਨ ਇਨਸਾਨ ਦੀ ਦੱਬੀ, ਘੁੱਟੀ ਤੇ ਮਜ਼ਬੂਰੀਆਂ ਭਰੀ ਜ਼ਿੰਦਗੀ ਨੂੰ ਪੇਸ਼ ਕੀਤਾ ਗਿਆ ਸੀ। ਬੋਲ ਸਨ:

**ਪੰਜ ਪਾਂਜੇ ਪੂਰੇ ਵੀ ਨਾ ਹੋਏ ਨੀਂ ਨਸੀਬ ਕੁਰੇ,**
**ਲੱਕ ਟੁੱਟ ਗਿਆ ਕਮਾਈਆਂ ਕਰਦੇ ਦਾ।**
**ਦਿਲ ਹੰਭ ਗਿਆ ਦਸੌਂਟੇ ਭਰਦੇ ਦਾ।**

ਫੇਰ ਸਰੂਪ ਸਿੰਘ ਸਰੂਪ ਤੇ ਚਰਨ ਸਿੰਘ ਸਫ਼ਰੀ ‘ਐਚ.ਐਮ.ਵੀ’ ਵਾਲਿਆਂ ਕੋਲ ਦਿੱਲੀ ਗਏ। ਦੋਹਾਂ ਨੇ ਆਖਿਆ, ‘ਅਸੀਂ ਤਾਂ ਧਾਰਮਿਕ ਰਿਕਾਰਡ ਕਰਾਉਣਾ ਚਾਹੁੰਦੇ ਹਾਂ।’ ਕੰਪਨੀ ਵਾਲੇ ਨਾਂਹ-ਨੁੱਕਰ ਕਰਨ ਲੱਗੇ ਤਾਂ ਦੋਹਾਂ ਨੇ ਕਹਿ ਦਿੱਤਾ, ‘ਜੇ ਸਾਡਾ ਇਹ ਰਿਕਾਰਡ ਨਾ ਚੱਲਿਆ ਤਾਂ ਅਸੀਂ ਜ਼ਿੰਦਗੀ ਭਰ ਤੁਹਾਡੀ ਕੰਪਨੀ ਵਿੱਚ ਕੰਮ ਨਹੀਂ ਕਰਾਂਗੇ।’

ਕੰਪਨੀ ਨੇ ਹਾਮੀ ਭਰ ਦਿੱਤੀ ਤੇ ਸਰੂਪ ਸਿੰਘ ਸਰੂਪ ਦਾ ਪਹਿਲਾ ਧਾਰਮਿਕ ਰਿਕਾਰਡ ਮਾਰਕੀਟ ਵਿੱਚ ਆ ਗਿਆ। ਇਹ ਰਿਕਾਰਡ ਏਨਾ ਮਕਬੂਲ ਹੋਇਆ ਕਿ ਕੰਪਨੀ ਵਾਲੇ ਆਖੀ ਜਾਣ, ‘ਤੁਸੀਂ ਸਿਰਫ਼ ਧਾਰਮਿਕ ਹੀ ਗਾਵੋ, ਬੜਾ ਚੰਗਾ ਗਾਉਂਦੇ ਹੋ ਤੁਸੀਂ ਤਾਂ।’ ਇਸ ਰਿਕਾਰਡ ਵਿਚ ਦਰਜ ਦੋਹੇਂ ਗੀਤ ਗੁਰੂ ਨਾਨਕ ਦੇਵ ਜੀ ਦੀ ਮਹਿਮਾ ਨਾਲ ਸਬੰਧਿਤ ਸਨ, ਸਫ਼ਰੀ ਹੁਰਾਂ ਦੇ ਲਿਖੇ ਹੋਏ। ਇੱਕ ਦੇ ਬੋਲ ਸਨ :

**ਨਾਨਕ ਦੀਆਂ ਗੁੱਝੀਆਂ ਰਮਜ਼ਾਂ ਨੂੰ,**
**ਬੇਸਮਝ ਜ਼ਮਾਨਾ ਕੀ ਜਾਣੇ।**
**ਜੀਹਨੇ ਸਭ ਜਗ ਆਪਣਾ ਸਮਝ ਲਿਆ,**
**ਆਪਣਾ ਤੇ ਬੇਗਾਨਾ ਕੀ ਜਾਣੇ।**

ਦੂਜੇ ਗੀਤ ਦੇ ਬੋਲਾਂ ਵਿੱਚ ਬਾਬੇ ਨਾਨਕ ਵੱਲੋਂ ਸੌਦਾ ਤੋਲਣ ਦੀ ਥਾਂ ਲੋਕਾਂ ਦੀਆਂ ਪੀੜਾਂ ਤੋਲਣ ਦੀ ਗੱਲ ਕੀਤੀ ਗਈ ਸੀ। ਬੋਲ ਸਨ :

**ਗੁਰੂ ਨਾਨਕ ਸਭ ਦਾ ਪਿਆਰਾ,**
**ਪਿਆ ਤੇਰਾ-ਤੇਰਾ ਬੋਲਦਾ।**
**ਹੱਥ ਧਰਮ ਤਰਾਜ਼ੂ ਫੜ ਕੇ,**
**ਧਰਤੀ ਦੀਆਂ ਪੀੜਾਂ ਤੋਲਦਾ।**

ਇਹ ਰਿਕਾਰਡ ਏਨਾ ਚੱਲਿਆ ਕਿ ਕੰਪਨੀ ਵਾਲਿਆਂ ਨੂੰ ਸਰੂਪ ਧੁਰੰਤਰ ਗਵੱਈਆ ਜਾਪਣ ਲੱਗਾ। ਹਰ ਥਾਂ ਇਸ ਰਿਕਾਰਡ ਨੇ ਸਿੱਕਾ ਜਮਾਇਆ ਤੇ ਕੰਪਨੀ ਵਾਲਿਆਂ ਦੀਆਂ ਚਿੱਠੀਆਂ ਸਰੂਪ ਦੇ ਘਰ ਪਹੁੰਚਣ ਲੱਗੀਆਂ ਕਿ ਤੁਸੀਂ ਜਲਦੀ ਆਓ ਤੇ ਨਵਾਂ ਰਿਕਾਰਡ ਤਿਆਰ ਕਰੋ।

ਸਰੂਪ ਸਿੰਘ ਸਰੂਪ ਨੇ ਆਪਣੇ ਗਾਇਕੀ ਸਫ਼ਰ ਦੌਰਾਨ ਜ਼ਿਆਦਾਤਰ ਧਾਰਮਿਕ ਗੀਤ ਗਾਏ ਤੇ ਗਾਇਆਂ ’ਚੋਂ ਨੱਬੇ ਫ਼ੀਸਦੀ ਚਰਨ ਸਿੰਘ ਸਫ਼ਰੀ ਦੇ ਲਿਖੇ ਹੋਏ ਹਨ। ਉਹ ਆਖਦਾ ਹੈ, ‘ਸਫ਼ਰੀ ਦੇ ਗੀਤ ਗਾਏ ਬਿਨਾਂ ਮੇਰੀ ਤਸੱਲੀ ਨਹੀਂ ਸੀ ਹੁੰਦੀ, ਉਹ ਬੰਦਾ ਤੁਰਦੀ-ਫਿਰਦੀ ਕਵਿਤਾ ਸੀ, ਜੇ ਉਹ ਮੈਨੂੰ ਗੀਤ ਨਾ ਦਿੰਦਾ ਤਾਂ ਸ਼ਾਇਦ ਮੇਰੀ ਪਛਾਣ ਅੱਜ ਨਾਲੋਂ ਢੇਰ ਵੱਖਰੀ ਹੁੰਦੀ।’

ਸਰੂਪ ਸਿੰਘ ਸਰੂਪ ਦੇ ਦੂਜੇ ਧਾਰਮਿਕ ਰਿਕਾਰਡ ਵਿਚਲੇ ਗੀਤਾਂ ‘ਸਿਰਸਾ ਨਦੀ ਦੇ ਖ਼ੂਨੀ ਪਾਣੀਆਂ’ ਤੇ ‘ਤੈਨੂੰ ਲੱਖ-ਲੱਖ ਸੀਸ ਨਿਵਾਵਾਂ ਸੱਥਰਾਂ ’ਤੇ ਸੌਣ ਵਾਲਿਆ’ ਨੇ ਲੋਕ ਮਨਾਂ ’ਤੇ ਡੂੰਘਾ ਪ੍ਰਭਾਵ ਛੱਡਿਆ। ਦੋਹਾਂ ਰਿਕਾਰਡਾਂ ਨਾਲ ਸਰੂਪ ਸਿੰਘ ਦੀ ਪੱਕੀ ਪਛਾਣ ਧਾਰਮਿਕ ਗਾਇਕ ਵਜੋਂ ਬਣ ਗਈ। ਸਰੂਪ ਸਿੰਘ ਨੂੰ ਧਾਰਮਿਕ ਪ੍ਰੋਗਰਾਮ ਬੁੱਕ ਹੋਣ ਲੱਗੇ ਅਤੇ ਗੁਰਦੁਆਰਿਆਂ ਵਿੱਚ ਉਸ ਦੇ ਪ੍ਰੋਗਰਾਮਾਂ ਦੀ ਗਿਣਤੀ ਵਧ ਗਈ। ਸਰੂਪ ਨੇ ਧਾਰਮਿਕ ਗਾਇਕੀ ਵਿੱਚੋਂ ਭੁੱਖੜਾਂ ਵਾਂਗ ਪੈਸਾ ਇਕੱਠਾ ਨਹੀਂ ਕੀਤਾ। ਉਹ ਪ੍ਰਬੰਧਕਾਂ ਦੇ ਵਿਤ ਮੁਤਾਬਕ ਭੇਟਾ ਲੈਂਦਾ ਅਤੇ ਪ੍ਰੋਗਰਾਮ ’ਤੇ ਚਲਾ ਜਾਂਦਾ।

ਸਰੂਪ ਸਿੰਘ ਸਰੂਪ ਨੇ ਗੁਰੂ ਨਾਨਕ ਦੇਵ ਜੀ ਦੇ ਇੱਕ ਓਪੇਰੇ ਵਿੱਚ ਵੀ ਗਾਇਆ। ਇਹ ਓਪੇਰਾ ਦੀਪਕ ਜੈਤੋਈ ਹੁਰਾਂ ਦਾ ਲਿਖਿਆ ਹੋਇਆ ਸੀ ਤੇ ਇਸ ਵਿਚ ਗੁਰਪਾਲ ਸਿੰਘ ਪਾਲ, ਮੋਹਿਨੀ ਨਰੂਲਾ, ਕਰਮਜੀਤ ਧੂਰੀ ਤੇ ਇੱਕ-ਦੋ ਹੋਰ ਕਲਾਕਾਰ ਸਨ। ਉਸ ਵੱਲੋਂ ਗਾਏ ‘ਨੀਲੇ ਦੇ ਸ਼ਾਹ ਅਸਵਾਰਾ’, ‘ਸ਼ਹਿਨਸ਼ਾਹ ਜਹਾਨ ਦਾ ਤੇ ਨਾਨਕੀ ਦਾ ਵੀਰ ਨੀਂ’, ‘ਕੁਛ ਆਖ ਸਹੀ, ਕੁਛ ਬੋਲ ਸਹੀ, ਸਰਹੰਦ ਦੀਏ ਦੀਵਾਰੇ’, ‘ਤੇਗ ਨੂੰ ਸਿਰ੍ਹਾਣੇ ਰੱਖ ਕੇ ਨੀਲੇ ਵਾਲਾ ਅਸਵਾਰ ਸੁੱਤਾ ਵੇਖਿਆ’, ‘ਸਿਰਸਾ ਦੇ ਕੰਢਿਆ ਤੈਂ ਦੁੱਖ ਨਹੀਓਂ ਵੰਡਿਆ’, ‘ਹੇ ਨਾਨਕ ਤੈਨੂੰ ਕਿਵੇਂ ਮਿਲਾਂ’, ‘ਕੰਧੇ ਸਰਹੰਦ ਦੀਏ ਕਿੱਥੇ ਪਾਪਣੇ ਨੀਂ ਲਾਲ ਲਕੋਏ’, ‘ਨ੍ਹੇਰ ਜ਼ੁਲਮ ਦਾ’, ‘ਚੱਲਦਾ ਪਿਆ ਏ ਕੀਹਦੀ ਖੋਪੜੀ ’ਤੇ ਆਰਾ’, ‘ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ’ ਤੇ ‘ਤੂੰ ਮੇਰਾ ਰਾਖਾ ਸਭਨੀਂ ਥਾਈਂ’ ਗੀਤਾਂ ਨੇ ਸੰਗੀਤ ਪ੍ਰੇਮੀਆਂ ਦੀ ਰੂਹ ਨੂੰ ਤ੍ਰਿਪਤ ਕੀਤਾ। ਸਰੂਪ ਸਿੰਘ ਸਰੂਪ ਤੇ ਬੀਬੀ ਊਸ਼ਾ ਰਾਣੀ ਦੀ ਅਵਾਜ਼ ਵਿੱਚ ਕਈ ਧਾਰਮਿਕ ਦੋਗਾਣੇ ਰਿਕਾਰਡ ਹੋਏ, ਜਿਹੜੇ ਖ਼ੂਬ ਮਕਬੂਲ ਹੋਏ। ਸਫ਼ਰੀ ਹੁਰਾਂ ਦੇ ਲਿਖੇ ਇੱਕ ਦੋਗਾਣੇ ਵਿੱਚ ਸਰੂਪ ਸਿੰਘ ਦੇ ਬੋਲ ਸਨ:

**ਗੁਜਰੀ ਨੂੰ ਆਖਦਾ ਜੱਲਾਦ ਹੱਥ ਜੋੜ ਕੇ,**
**ਅੰਮੀਏ ਮਾਸੂਮਾਂ ਤਾਈਂ ਲੈ ਜਾ ਘਰ ਮੋੜ ਕੇ।**

ਅੱਗੋਂ ਊਸ਼ਾ ਰਾਣੀ ਦੇ ਬੋਲ ਮਾਤਾ ਗੁਜਰੀ ਦੇ ਤਕੜੇ ਜਿਗਰੇ ਦੀ ਬਾਤ ਪਾਉਂਦੇ ਤੇ ਉਹ ਜੱਲਾਦ ਦੀ ਰਾਇ ਨੂੰ ਠੋਕਰ ਮਾਰਦੀ ਕਹਿੰਦੀ :

**ਮਾਤਾ ਅੱਗੋਂ ਆਖਿਆ ਇਸ ਤਰ੍ਹਾਂ ਬੋਲ ਕੇ,**
**ਕਿਤੇ ਨਈਂ ਲਿਜਾਣਾ ਵੇ ਮੈਂ ਲਾਲਾਂ ਤਾਈਂ ਮੋੜ ਕੇ।**

ਨੀਂਹਾਂ ਵਿੱਚ ਚਿਣੇ ਗਏ ਸਾਹਿਬਜ਼ਾਦਿਆਂ ਦੀ ਬਹਾਦਰੀ ਨੂੰ ਬਿਆਨ ਕਰਦਾ ਸਰੂਪ ਸਿੰਘ ਤੇ ਊਸ਼ਾ ਰਾਣੀ ਦਾ ਗੀਤ ‘ਸਾਨੂੰ ਨੀਂਹਾਂ ਵਿੱਚ ਸੂਬਿਆ ਚਿਣਾਦੇ,ਅਸਾਂਨ੍ਹੀਂਤੇਰੀਈਨਮੰਨਣੀ’ਏਨਾਮਕਬੂਲਹੋਇਆਕਿਪੁੱਛੋਕੁੱਝਨਾ।

ਬੀਬੀ ਊਸ਼ਾ ਬਾਰੇ ਸਰੂਪ ਸਿੰਘ ਸਰੂਪ ਦਾ ਕਹਿਣਾ ਹੈ, ‘ਇਨ੍ਹਾਂ ਨਾਲ ਮੈਂ 1967 ਤੋਂ ਬਾਅਦ ਗਾਉਣਾ ਸ਼ੁਰੂ ਕੀਤਾ ਤੇ ਹੁਣ ਵੀ ਗਾਉਂਦਾ ਹਾਂ। ਬੀਬੀ ਊਸ਼ਾ ਮੇਰੀ ਸ਼ਾਗਿਰਦ ਸੀ ਤੇ ਜਦੋਂ ਸਾਡੇ ਦੋਹਾਂ ਦੇ ਧਾਰਮਿਕ ਰਿਕਾਰਡ ਆਏ ਤਾਂ ਬੜੇ ਮਕਬੂਲ ਹੋਏ। ਅਸੀਂ ਦੋਹੇਂ ਕਈ ਵਾਰ ਕਨੇਡਾ ਤੇ ਅਮਰੀਕਾ ਵੀ ਜਾ ਆਏ ਹਾਂ।’

ਸਰੂਪ ਸਿੰਘ ਸਰੂਪ ਨੇ ਜ਼ਿੰਦਗੀ ਦੇ ਬੜੇ ਤਜਰਬੇ ਇਕੱਠੇ ਕੀਤੇ। 1956-57 ਦੇ ਆਸ-ਪਾਸ ਉਹ ਰੇਡੀਓ ’ਤੇ ਸਿਲੈਕਟ ਹੋਇਆ ਤੇ 1962 ਦੇ ਨੇੜੇ-ਤੇੜੇ ਬਰਨਾਲਾ ਕਲਾਂ ਦਾ ਸਰਪੰਚ ਬਣਿਆ। ਉਹ ਆਖਦਾ ਹੈ, ‘ਰੇਡੀਓ ’ਤੇ ਮੈਂ ਕਈ ਕਮਰਸ਼ੀਅਲ ਗੀਤ ਵੀ ਗਾਏ, ਕਿਉਂਕਿ ਉਥੇ ਜਾਂ ਤਾਂ ਨਿਰੋਲ ਗੁਰਬਾਣੀ ਚੱਲਦੀ ਸੀ ਤੇ ਜਾਂ ਫਿਰ ਰੋਮਾਂਟਿਕ ਗੀਤ। ਸੋ ਮੈਂ ਉਥੇ ‘ਸਾਨੂੰ ਕਾਹਨੂੰ ਤੂੰ ਬੁਲਾਇਆ ਲੋਕੀਂ ਬੜਾ ਕੁੱਝ ਬੋਲੇ’, ‘ਦਿਲ ਦੇ ਕੇ ਬੇਕਦਰਾਂ ਨੂੰ ਅਸੀਂ ਕਦਰ ਗਵਾ ਬੈਠੇ’ ਤੇ ‘ਸੋਹਣਾ ਲਾਗਿਓਂ ਦੀ ਲੰਘ ਗਿਆ ਨਹੀਂਓ ਬੋਲਿਆ’ ਗੀਤ ਗਾਏ।’ ਤੜਕੇ-ਤੜਕੇ ਰੇਡੀਓ ਤੋਂ ਸਰੂਪ ਸਿੰਘ ਦੇ ਧਾਰਮਿਕ ਗੀਤ ਚੱਲਦੇ ਤੇ ਰਾਤ ਨੂੰ ਰੋਮਾਂਟਿਕ।

ਸਰੂਪ ਸਿੰਘ ਸਰੂਪ ਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਉਸ ਨੇ ਰੋਮਾਂਟਿਕ ਗੀਤ ਬਹੁਤ ਘੱਟ ਗਾਏ। ਉਸ ਮੁਤਾਬਕ, ‘ਮੇਰੀ ਅਵਾਜ਼ ’ਚ ਏਨੀ ਜਾਨ ਸੀ ਕਿ ਜੇ ਮੈਂ ਚਾਹੁੰਦਾ ਤਾਂ ਰੋਮਾਂਟਿਕ ਗਾਇਕੀ ਵਿੱਚ ਕਈਆਂ ਨੂੰ ਮਾਤ ਪਾ ਸਕਦਾ ਸੀ, ਪਰ ਮੈਂ ਉਸ ਤਰ੍ਹਾਂ ਦਾ ਗਾਉਣਾ ਹੀ ਨਹੀਂ ਸੀ। ਘਰੋਂ ਮਿਲੀ ਸਿੱਖਿਆ ਮੁਤਾਬਿਕ ਮੈਨੂੰ ਸਿਰਫ਼ ਧਾਰਮਿਕ ਗੀਤ ਗਾ ਕੇ ਸੰਤੁਸ਼ਟੀ ਮਿਲਦੀ ਸੀ। ਇੱਕ-ਦੋ ਵਾਰ ਨਰਿੰਦਰ ਬੀਬਾ ਨੇ ਵੀ ਆਖਿਆ, ‘ਆਪਣਾ ਰਿਕਾਰਡ ਚੰਗਾ ਚੱਲ ਗਿਐ ਤੂੰ ਮੇਰੇ ਨਾਲ ਸਟੇਜਾਂ ’ਤੇ ਵੀ ਜਾਇਆ ਕਰ’, ਪਰ ਮੈਂ ਨਾਂਹ ਕਰ ਦਿੱਤੀ ਕਿਉਂਕਿ ਮੈਂ ਨਹੀਂ ਸਾਂ ਚਾਹੁੰਦਾ ਕਿ ਸਟੇਜਾਂ ’ਤੇ ਕੁੜੀਆਂ ਨਾਲ ਖੁੱਲ੍ਹੇ ਜਿਹੇ ਗੀਤ ਗਾਵਾਂ।’

1960 ਦੇ ਨੇੜੇ-ਤੇੜੇ ਸਰੂਪ ਸਿੰਘ ਦਾ ਵਿਆਹ ਮਹਿੰਦਰ ਕੌਰ ਨਾਲ ਹੋਇਆ ਅਤੇ ਉਸ ਦੇ ਚਾਰ ਪੁੱਤਰ ਨੇ। ਦੋ ਮੁੰਡੇ ਕਨੇਡਾ ਦੇ ਸ਼ਹਿਰ ਟੋਰਾਂਟੋ ਵਸਦੇ ਨੇ, ਇੱਕ ਖੇਤੀਬਾੜੀ ਦਾ ਕੰਮ ਕਰਦੈ ਤੇ ਇੱਕ ਹਿਸਾਬ ਦਾ ਮਾਸਟਰ ਹੈ। ਉਸ ਦੇ ਪਿਤਾ ਜੀ ਪੰਜਾਬੀ ਸੂਬਾ ਮੋਰਚੇ ਵੇਲੇ ਸ਼ਹੀਦੀ ਪ੍ਰਾਪਤ ਕਰ ਗਏ ਸਨ।

ਸਰੂਪ ਸਿੰਘ ਸਰੂਪ ਨੂੰ ਇਸ ਗੱਲ ਦਾ ਬੜਾ ਦੁੱਖ ਹੈ ਕਿ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਧਾਰਮਿਕ ਗਾਇਕੀ ’ਤੇ ਪਾਬੰਦੀਆਂ ਲਾਈਆਂ ਜਾ ਰਹੀਆਂ ਨੇ। ਅਖੇ, ‘ਰੱਬ ਦਾ ਨਾਂ ਲੈਣਾ ਏ ਤਾਂ ਨਿਰੋਲ ਗੁਰਬਾਣੀ ਗਾਓ, ਦਾਹੜਾ ਖੋਲ੍ਹ ਕੇ।’ ਇਹ ਗੱਲਾਂ ਧਾਰਮਿਕ ਗਾਇਕੀ ਨੂੰ ਸਪਰਪਿਤ ਲੋਕਾਂ ਨੂੰ ਰੜਕ ਰਹੀਆਂ ਨੇ, ਕਿਉਂਕਿ ਰੱਬ ਦਾ ਨਾਂਅ ਲੈਣ ’ਤੇ ਕਿਸੇ ਤਰ੍ਹਾਂ ਦੀ ਪਾਬੰਦੀ ਨਹੀਂ ਹੋਣੀ ਚਾਹੀਦੀ।’

**- ਸਵਰਨ ਸਿੰਘ ਟਹਿਣਾ**

# ਜੀਵਨ - ਜਾਚ



ਕਹਿਣ ਨੂੰ ਜੀਉਂਦੇ ਤਾਂ ਸਾਰੇ ਹਨ।ਇਥੋਂ ਤੱਕ ਕੇ ਜੀਵ ਜੰਤੂ ਤੇ ਪੌਦੇ ਵੀ,ਪਰ ਕੀ ਇਹ ਸੌ ਪ੍ਰਤੀਸ਼ਤ ਜੀਵਨ ਨੂੰ ਜੀਵਨ ਦੀ ਪਰਿਭਾਸ਼ਾ

ਅਨੁਸਾਰ ਜੀਉਂਦੇ ਹਨ ? ਮੋਟੇ ਤੌਰ ਤੇ ਕਹਿ ਲਈਏ ਤਾਂ ਜੀਵਨ ਨੂੰ 'ਸੰਤੁਲਿਤ' ਬਣਾਕੇ ਹੰਢਾਉਣ ਨੂੰ ਅਸਲ ਵਿੱਚ ਜੀਵਨ ਕਿਹਾ ਜਾ ਸਕਦਾ ਹੈ।ਪੇੜ ਪੌਦਿਆਂ ਤੇ ਜੀਵ ਜੰਤੂਆਂ ਦੀ ਸ਼ੈਲੀ ,ਜੀਵਨ ਵਿਚਰਨ ਦਾ ਢੰਗ ਵਾਹਿਗੁਰੂ ਨੇ ਮਨੁੱਖੀ ਜੀਵਨ ਨਾਲੋਂ ਵਿਲੱਖਣ ਰੱਖਿਆ ਹੈ! ਸੋ ਇਸ ਲੇਖ ਵਿੱਚ ਇਨਸਾਨੀ ਜਾਮੇ ਬਾਰੇ ਗੱਲ ਕਰਾਂਗੇ।ਮਨੁੱਖੀ ਜੀਵਨ ਵਿੱਚ ਅਸੰਤੁਲਨ ਸੁਭਾਵਿਕ ਹੈ।ਜਿਵੇਂ ਆਮ ਹੀ ਕਹਿ ਦਿੱਤਾ ਜਾਂਦਾ ਹੈ ਕਿ ਬੱਚਾ ਮਾਂ ਦੇ ਪੇਟ ਵਿੱਚੋਂ ਨਹੀਂ ਸਿੱਖ ਕੇ ਆਉਂਦਾ।ਭਾਵ ਜਨਮ ਤੋਂ ਬਾਅਦ ਹੀ ਵੱਖੋ ਵੱਖਰੇ ਤਰੀਕਿਆਂ ਤੇ ਜੀਵਨ ਰੂਪੀ ਉੱਚੇ ਨੀਵੇਂ,ਊਭੜ ਖ਼ਾਬੜ ਰਸਤਿਆਂ ਤੋਂ ਠੋਕਰਾਂ ਖਾ ਕੇ ਹੀ ਸਿੱਖਦਾ ਹੈ ਜਾਂ ਕੁਝ ਮਾਰਗਦਰਸ਼ਕ ਰਾਹ ਦੱਸਦੇ ਹਨ, ਜਿਵੇਂ ਮਾਤਾ ਪਿਤਾ ਤੇ ਅਧਿਆਪਕ ਆਦਿ।ਹਥਲਾ ਵਿਸ਼ਾ ਬਹੁਤ ਵੱਡਾ ਹੈ, ਕੋਸ਼ਿਸ਼ ਕਰਦੇ ਹਾਂ ਗਾਗਰ ਵਿੱਚ ਸਾਗਰ ਭਰਨ ਦੀ।ਜਿਵੇਂ ਕਿ ਮੈਂ ਪਹਿਲਾਂ ਹੀ ਜ਼ਿਕਰ ਕੀਤਾ ਹੈ, "ਜੀਵਨ ਨੂੰ ਸੰਤੁਲਿਤ" ਕਰਨ ਦਾ।ਇਸ ਸੰਤੁਲਨ ਦੇ ਮੋਟੇ ਮੋਟੇ ਪੱਖ ਹਨ, ਸੰਤੁਲਿਤ ਭੋਜਨ, ਸੰਤੁਲਿਤ ਵਿਹਾਰ,ਭਾਵਨਾਵਾਂ ਉੱਤੇ ਸੰਤੁਲਨ, ਬਹੁਤਾਤ ਉੱਤੇ ਕਾਬੂ।

**ਸੰਤੁਲਿਤ ਭੋਜਨ:-** ਕੋਈ ਵੀ ਭੋਜਨ ਪਦਾਰਥ ਲਗਾਤਾਰ ਜ਼ਿਆਦਾ ਮਾਤਰਾ ਵਿੱਚ ਖਾਣ ਨਾਲ ਅਨੇਕਾਂ ਛੋਟੀਆਂ ਤੇ ਵੱਡੀਆਂ ਮਰਜਾਂ ਦਾ ਕਾਰਣ ਬਣਦਾ ਹੈ। ਜਿਵੇਂ ਬਦਹਜ਼ਮੀ , ਉਲਟੀਆਂ, ਮਰੋੜੇ,ਡਾਇਬੈਟੀਜ, ਜ਼ਿਆਦਾ ਤਲਿਆ ਵਸਤਾਂ ਖਾਣ ਨਾਲ ਦਿਲ ਦੀਆਂ ਸੈਂਕੜੇ ਅਲਾਮਤਾਂ,ਮੋਟਾਪੇ ਨਾਲ ਕੈਂਸਰ, ਇਸੇ ਤਰਾਂ ਭੋਜਨ ਦੀ ਬਹੁਤਾਤ ਜਿਗਰ ਗੁਰਦੇ ਤੇ ਬਹੁਤ ਸਾਰੇ ਸਰੀਰਕ ਅੰਗਾਂ ਤੇ ਮਾੜਾ ਅਸਰ ਪਾਉਣ ਦੇ ਨਾਲ ਨਾਲ ਸਰੀਰਕ



ਦਿੱਖ ਉੱਤੇ ਵੀ ਮਾੜਾ ਅਸਰ ਪਾ ਕੇ ਬੇਡੌਲ ਤੇ ਬੇਢੱਬਾ ਬਣਾਉਂਦਾ ਹੈ।ਖਾਣੇ ਨੂੰ ਸੰਤੁਲਿਤ ਰੱਖਣ ਦੇ ਬੜੇ ਆਸਾਨ ਢੰਗ ਹਨ ਇੱਕ ਤਾਂ ਉਮਰ ਤੇ ਵਜ਼ਨ ਮੁਤਾਬਿਕ, ਬਦਲ ਬਦਲ ਕੇ ਤੇ ਕੰਮ ਦੇ ਭਾਰੇ ਜਾਂ ਹਲਕੇ ਹੋਣ ਅਨੁਸਾਰ ਖਾਓ।ਹਰ ਇੱਕ ਵਸਤੂ ਜੋ ਸਸਤੀ ਹੋਵੇ ਭੋਜਨ ਵਿੱਚ ਸ਼ਾਮਿਲ ਕਰੋ।ਇੱਕ ਘੰਟਾ ਖਾਣੇ ਤੋਂ ਪਹਿਲਾਂ ਤੇ ਇੱਕ ਘੰਟਾ ਬਾਅਦ ਪਾਣੀ ਪੀਓ।ਇਸ ਤੋਂ ਇਲਾਵਾ ਦਿਨ ਵਿੱਚ ਵਾਧੂ ਪਾਣੀ ਪੀਓ, ਸਲਾਦ ਦੀ ਵਰਤੋਂ ਜਰੂਰ ਕਰੋ।

49 ਸਾਲ ਦੀ ਉਮਰ ਤੋਂ ਆਪਣੇ ਖਾਣੇ ਦੀ ਮਿਕਦਾਰ ਇੱਕ ਤਿਹਾਈ ਕਰ ਦਿਓ।ਸਰੀਰ ਨਿਰੋਗ,ਹਲਕਾ ਲੰਮੀ ਉਮਰ ਹੰਢਾਉਣ ਵਾਲਾ ਹੋਵੇਗਾ।ਸਫੇਦ ਵਸਤਾਂ ਦਾ ਇਸਤੇਮਾਲ ਨਾ ਕਰੋ।

**ਸੰਤੁਲਿਤ ਵਿਹਾਰ:-** ਅੱਜ ਦੇ ਦੌਰ ਦੀਆਂ ਵੱਡੀਆਂ ਚੁਨੌਤੀਆਂ ਵਿੱਚੋਂ ਇੱਕ 'ਵਿਹਾਰ' ਹੈ।ਜੇ ਪਿਛਲੇਰੀ ਝਾਤ ਮਾਰੀਏ ਤਾਂ ਅੱਜ ਦੇ ਮੁਕਾਬਲੇ ਲੋਕ ਭਾਂਵੇ ਜ਼ਿਆਦਾਤਰ ਅਨਪੜ੍ਹ ਸਨ, ਪਰ ਸਿਆਣਪ ਬਹੁਤ ਰੱਖਦੇ ਸਨ।ਕੁਝ ਕੁ ਨੂੰ ਛੱਡਕੇ,



ਬਹੁਤੇ ਨਾਪ ਤੋਲ ਕੇ ਗੱਲ ਕਰਦੇ ਤੇ ਸਭ ਤੋਂ ਵੱਡੀ ਗੱਲ ਦੂਸਰੇ ਦੀਆਂ ਭਾਵਨਾਵਾਂ ਬਾਰੇ ਪਹਿਲਾਂ ਤੇ ਆਪਣੇ ਬਾਰੇ ਬਾਅਦ ਵਿੱਚ ਸੋਚਦੇ ਸਨ,ਭਾਵ ਦੂਸਰੇ ਦੀਆਂ ਭਾਵਨਾਵਾਂ ਦੀ ਕਦਰ ਪਹਿਲ ਦੇ ਆਧਾਰ ਤੇ ਕਰਦੇ ਸਨ।ਗ਼ੁੱਸੇ ਗਿਲੇ ਹੁੰਦੇ ਸਨ ਤਾਂ ਮਨਾਇਆ ਤੇ ਮਾਫੀਆਂ ਵੀ ਮੰਗਕੇ ਰਿਸ਼ਤੇ ਸੁਧਾਰ ਲਏ ਜਾਂਦੇ ਸਨ।ਉਦੋਂ ਦੀ ਇੱਕ ਖਾਸਿਅਤ ਇਹ ਵੀ ਹੈ ਕਿ ਸੰਬੰਧ ਭਾਵੇਂ ਰਿਸ਼ਤੇਦਾਰੀ ਵਿਚਲੇ ਹੋਣ ਜਾਂ ਮਿੱਤਰਤਾ ਦੇ ਪੀੜ੍ਹੀ ਦਰ ਪੀੜ੍ਹੀ ਨਿਭਾਏ ਜਾਂਦੇ ਸਨ, ਇਸਦਾ ਇਹ ਮਤਲਬ ਕਦੇ ਨਹੀਂ ਕਿ ਪਰਿਵਾਰਾਂ ਦੇ ਸਾਰੇ ਜੀਅ ਚੰਗੇ ਸੁਭਾਅ ਦੇ ਮਾਲਕ ਹੀ ਹੁੰਦੇ ਸਨ, ਬਾਕੀਆਂ ਦੁਆਰਾ ਉਹਨਾਂ ਨੂੰ ਅਡਜਸ ਕੀਤਾ ਜਾਂਦਾ ਸੀ ਤੇ ਘਰ ਦਾ ਮਾਹੌਲ ਹਾਸੇ ਠੱਠੇ ਨਾਲ ਸੰਤੁਲਿਤ ਰਹਿੰਦਾ ਸੀ।ਇਨਾਂ ਪਿਆਰੇ ਵਿਹਾਰਾਂ ਨੂੰ ਅੱਜ ਮੁੜ ਸਰਜੀਤ ਕੀਤਾ



ਜਾ ਸਕਦਾ ਹੈ,ਸਿਰਫ ਆਪਣੀ ਸੋਚ ਤੇ ਚੌਂਕੀਦਾਰੀ ਕਰਨੀ ਪਵੇਗੀ ਤੇ ਮਨ ਦੀ ਦ੍ਰਿੜਤਾ ਦੀ ਲੋੜ ਹੈ।ਸਾਰਾ ਸੰਸਾਰ ਸਵਰਗ ਬਣ ਸਕਦਾ ਹੈ ਤੇ ਸਵਰਗ ਵਿੱਚ ਜਾਣ ਲਈ ਮਰਨ ਦੀ ਲੋੜ ਨਹੀਂ।

**ਭਾਵਨਾਵਾਂ ਉੱਤੇ ਕਾਬੂ:-** ਭਾਵਨਾ ਭਾਵੇਂ ਗੁੱਸੇ ਨਾਲ ਸਬੰਧਤ ਹੋਵੇ, ਪਿਆਰ ਮੁਹੱਬਤ ਨਾਲ ਸਬੰਧਤ ਹੋਵੇ, ਦੁਸ਼ਮਨੀ ਜਾਂ ਦੋਸਤੀ ਨਾਲ ਤਾਲੁਕਾਤ ਰੱਖਦੀ ਹੋਵੇ,ਸੰਤੁਲਨ ਅਤਿਅੰਤ ਜ਼ਰੂਰੀ ਹੈ।ਇਸਦੀਆਂ ਹਜ਼ਾਰਾਂ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ,ਪਰ ਦੋ ਚਾਰ ਦੇਵਾਂਗੀ ਅੱਜਕਲ ਦੇਖਿਆ ਗਿਆ ਹੈ ਕਿ ਭਾਵਨਾਵਸ ਮਾਪੇ ਆਪਣੇ ਬੱਚਿਆਂ ਨੂੰ ਲੋੜ ਤੋਂ ਵੱਧ ਧਿਆਨ ਦੇ ਕੇ ਉਸਨੂੰ ਆਪਣੇ ਉਪਰ ਵਿਸਵਾਸ਼ ਬਣਾਉਣ ਵਿੱਚ ਅਵਰੋਧ ਪੈਦਾ ਕਰਦੇ ਹਨ। ਆਪ ਵੀ ਬੱਚੇ ਪ੍ਰਤੀ ਲੋੜੋਂ ਵੱਧ ਚਿੰਤਾ ਰੱਖਦੇ ਹਨ ਅਤੇ ਬੱਚੇ ਨੂੰ ਵੀ ਡਰਿਆ ਸਹਿਮਿਆ ਬਣਾ ਕੇ ਰੱਖਦੇ ਹਨ ਜਿਵੇਂ ਵੇਖੀਂ ਜ਼ਮੀਨ ਤੇ ਤੁਰਿਆ ਤਾਂ ਡਿੱਗ ਕਿ ਸੱਟ ਲੱਗ ਜਾਵੇਗੀ।ਇਸ ਨਾਲ ਬੱਚੇ ਵਿੱਚ ਹਿੰਮਤ ਤੇ ਯਤਨ ਸ਼ਕਤੀ ਨਹੀਂ ਆਉਂਦੀ ਸਗੋਂ ਉਹ ਹਰ ਛੋਟੇ ਵੱਡੇ ਕੰਮ ਲਈ ਮਾਪਿਆਂ ਦਾ ਸਹਾਰਾ ਝਾਕਦਾ ਹੈ।ਇਥੋਂ ਤੱਕ ਕਿ ਹੋਸਟਲ ਦਾ ਕਮਰਾ ਬਦਲਣ ਸਮੇਂ ਵੀ ਘਰ ਦਾ ਮੈਂਬਰ ਜਾਂਦਾ ਹੈ।ਆਪਣੇ ਸਮੇਂ ਵਿੱਚ ਅਸੀਂ ਇੰਨਾ ਸਵੈ ਵਿਸ਼ਵਾਸ਼ ਰੱਖਦੇ ਸਾਂ ਕਿ ਗੁਰਦਾਸਪੁਰ ਤੋਂ ਨਾਭੇ ਤੱਕ ,ਆਪਣੀ ਪਹਿਲੀ ਪੋਸ਼ਟਿੰਗ ਸਮੇਂ ਇਕੱਲੀ ਨੇ ਕਈ ਬੱਸਾਂ ਬਦਲ ਕੇ, ਆਪਣੇ ਸਾਰੇ ਵਰਤੋਂ ਦੇ ਸਮਾਨ ਸਮੇਤ ਡਿਊਟੀ ਜੋਆਇਨ ਕੀਤੀ ਸੀ।

ਇਸਦੇ ਨਾਲ ਹੀ ਅੱਜ ਦੀ ਪੀੜ੍ਹੀ ਦਾ ਹਾਜ਼ਮਾ ਬਹੁਤ ਕਮਜ਼ੋਰ ਹੋ ਗਿਆ ਹੈ, ਇਸ ਪਿੱਛੇ ਮਾਤਾ ਪਿਤਾ, ਅਧਿਆਪਕ ਤੇ ਮਹੌਲ ਦਾ ਕਸੂਰ ਹੈ।ਸਭ ਤੋਂ ਵੱਧ ਮਾਪਿਆਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ, ਬਦਲਦੇ ਦੌਰ ਮੁਤਾਬਿਕ ਬੱਚਿਆਂ ਨੂੰ ਮਾਨਸਿਕ ਤੇ ਸਰੀਰਕ ਤੌਰ ਤੇ ਤਿਆਰ ਕਰਨ।ਨਕਾਰਾਤਮਿਕ ਸੋਚ ਨੂੰ ਸਕਾਰਾਤਮਿਕ ਮੋੜਾ ਦੇਣ ਦੀ ਜਾਚ ਸਿੱਖਣ, ਚੁਗਲੀ ਨਿੰਦਿਆ ਦੀ ਬਜਾਏ ਦੂਸਰੇ ਦੇ ਗੁਣਾਂ ਦਾ ਤਪਸਰਾ ਕਰਨ ਤਾਂ ਕਿ ਆਪਣੇ ਅੰਦਰ ਵੀ ਸਕਾਰਾਤਮਿਕਤਾ ਆ ਸਕੇ।ਮਾੜੀ ਮਾੜੀ ਗੱਲ ਤੇ ਦੁਖੀ ਹੋ ਕੇ ਰੋਣ ਲੱਗ ਜਾਣਾ, ਦੂਸਰੇ ਨੂੰ ਕੋਸਣ ਲੱਗ ਜਾਣਾ,ਸੋਚ ਸੋਚ ਕੇ ਮਾਨਸਿਕ ਰੋਗੀ ਹੋ ਜਾਣਾ।ਨਹੀਂ ਇਹ ਸੰਤੁਲਿਤ ਜ਼ਿੰਦਗੀ ਨਹੀਂ ਹੈ।ਜਿੱਥੇ ਅਸੀਂ ਖੁਸ਼ੀਆਂ ਤੇ ਉੱਨਤੀਆਂ ਦੀ ਆਸ ਰੱਖਦੇ ਹਾਂ ਉਥੇ ਹੀ ਇਸਦੇ ਦੁਖਾਂ ਦਰਦਾਂ , ਉਤਾਰਾਂ ਚੜਾਵਾਂ, ਗ਼ਮੀਆਂ,ਘਾਟੇ ਵਾਧੇ ਲਈ ਵੀ ਤਿਆਰ ਰਹਿਣਾ ਚਾਹੀਦਾ ਹੈ ਤਾਂ ਹੀ ਅਸੀਂ ਸੰਘਰਸ਼ ਨੂੰ ਅੰਗੂਠਾ ਦਿਖਾ ਸਕਦੇ ਹਾਂ।

**ਬਹੁਤਾਤ ਦਾ ਸੰਤੁਲਨ:-** ਜਿਵੇਂ ਆਮ ਹੀ ਕਹਾਵਤ ਹੈ ਕਿ ਬਹੁਤੇ ਮਿੱਠੇ ਵਿੱਚ ਵੀ ਕੀੜੇ ਪੈ ਜਾਂਦੇ ਹਨ ਜਾਂ ਏਨੇ ਮਿੱਠੇ ਵੀ ਨਾ ਬਣੋ ਕਿ ਕੋਈ ਤੁਹਾਨੂੰ ਨਿਗਲ ਹੀ ਲਵੇ ਜਾਂ ਏਨੇ ਕੌੜੇ ਵੀ ਨਾ ਬਣੋ ਕਿ ਕੋਈ ਤੁਹਾਨੂੰ ਉਗਲ ਹੀ ਦਵੇ।ਸੋ ਅੱਜਕਲ ਵਿਹਾਰਿਕ ਰੂਪ ਵਿੱਚ ਵੀ ਬਹੁਤ ਤੋਲਮੋਲ ਕਿ ਵਿਚਰਨ ਦੀ ਲੋੜ ਹੈ, ਪਤਾ ਨਹੀਂ ਕੌਣ ਕਿਸ ਗੱਲ ਦਾ ਕੀ ਮਤਲਬ ਕੱਢ ਲਵੇ, ਗੁੱਸਾ ਜਾਂ ਝਗੜਾ ਖੜਾ ਕਰ ਲਵੇ ਤੇ ਇਹ ਵੀ ਨਹੀਂ ਪਤਾ ਕਿਸੇ ਦੂਸਰੇ ਕੋਲ ਕਿਸ ਢੰਗ ਨਾਲ ਤੋੜ ਮਰੋੜ ਕੇ ਪੇਸ਼ ਕਰ ਦਵੇ ਤੇ ਉਸ ਨਾਲ ਲੜਾਈ ਦਾ ਮੁੱਢ ਬੰਨ੍ਹਿਆਂ ਜਾਵੇ।

ਇਥੋਂ ਤੱਕ ਕਿ ਮੇਲ ਮਿਲਾਪ, ਆਉਣਾ ਜਾਣਾ, ਪਿਆਰ ਮੁਹੱਬਤ, ਕਸਰਤ ਤੇ ਇਸ ਨਾਲ ਜੁੜੇ ਸਿੰਥੈਟਿਕ ਪਦਾਰਥ, ਵਾਣੀ, ਲੋੜ ਤੋਂ ਵੱਧ ਪੈਸੇ ਦੀ ਜਮਾਂਖੋਰੀ ਤੇ ਇਸੇ ਤਰਾਂ ਦੀਆਂ ਛੋਟੀਆਂ ਛੋਟੀਆਂ ਚੀਜ਼ਾਂ ਤੇ ਵਿਹਾਰਾਂ ਦੀ ਬੜੇ ਹੀ ਸੰਜਮ ਨਾਲ ਵਰਤਣ ਦੀ ਲੋੜ ਹੈ ਤੇ ਬੜੇ ਭਰੇ ਹੋਏ ਹਿਰਦੇ ਨਾਲ ਕਹਿਣਾ ਪੈ ਰਿਹਾ ਹੈ ਕਿ ਚੰਗਿਆਈ ਵੀ ਸੋਚ ਸਮਝ ਕੇ ਕਰਿਓ,ਪਰ ਅੰਦਰਲੀ ਨੈਤਿਕਤਾ ਦਾ ਖ਼ੂਨ ਨਾ ਹੋਣ ਦਿਓ।

**ਨਰੇਸ਼ ਕੁਮਾਰੀ ਸ਼ਰਮਾ**
**+02041755894**



# ਜਦੋ ਇੱਕ ਡਾਲਰ ਨਾਲ ਹੀ ਘਰ ਖਰੀਦਣ ਦਾ ਨਿਸਚਾ ਕੀਤਾ ਗਿਆ

(ਸੱਚ 'ਤੇ ਅਧਾਰਤ)



ਨਿਊਜ਼ੀਲੈਂਡ ਦਾ ਔਕਲੈਂਡ ਸ਼ਹਿਰ ਘਰਾਂ ਦੀਆਂ ਕੀਮਤਾਂ ਵਿੱਚ ਦੁਨੀਆਂ ਦੇ ਸਭ ਤੋਂ ਮਹਿੰਗੇ ਸ਼ਹਿਰਾਂ ਵਿੱਚ ਸ਼ਾਮਿਲ ਹੋ ਗਿਆ ਹੈ।

ਗੱਲ ਇਕੱਲੇ ਔਕਲੈਂਡ ਦੀ ਨਹੀਂ ਪੂਰੇ ਨਿਊਜ਼ੀਲੈਂਡ ਵਿੱਚ ਘਰ ਖਰੀਦਣਾ ਇੱਕ ਸੁਪਨਾ ਹੋ ਗਿਆ ਹੈ। ਖਾਸ ਤੌਰ 'ਤੇ ਨਵੀਂ ਪੀੜੀ ਵਾਸਤੇ ਪਹਿਲੇ ਘਰ ਨੂੰ ਖਰੀਦਣਾ ਬਹੁਤ ਮੁਸ਼ਕਲ ਹੋ ਗਿਆ ਹੈ ਕਿਉਂਕਿ ਇੱਥੇ ਜ਼ਿਆਦਾ ਬੱਚੇ ਪੜਾਈ ਵੀ ਕਰਜ਼ਾ ਲੈ ਕੇ ਹੀ ਕਰਦੇ ਹਨ ਜੋ ਨੌਕਰੀ ਮਿਲਣ'ਤੇ ਥੋੜਾ-ਥੋੜਾ ਕਰਕੇ ਕਿਸ਼ਤਾਂ ਵਿੱਚ ਵਾਪਸ ਕਰਨਾ ਪੈਂਦਾ ਹੈ।

ਮੁਲਕ ਵਿੱਚ ਕ੍ਰੈਡਿਟ ਕਾਰਡ ਵਰਤਣ ਦੀ ਆਦਤ ਵਿਦਿਆਰਥੀਆਂ ਨੂੰ ਸਕੂਲਾਂ ਵਿੱਚ ਹੀ ਪਾ ਦਿੱਤੀ ਜਾਂਦੀ ਹੈ ਜਿਸ ਦਾ ਵਿਆਜ਼ ਹੀ 18% ਤੋਂ ਉੱਪਰ ਹੁੰਦਾ ਹੈ। ਭਾਵ ਕ੍ਰੈਡਿਟ ਕਾਰਡ ਦਾ ਕਰਜ਼ਾ ਜੇ ਸਮੇਂ ਸਿਰ ਵਾਪਸ ਨਾ ਕਰੋ ਤਾਂ ਇਹ ਇਸ ਵਿਆਜ਼ ਦੇ ਹਿਸਾਬ ਨਾਲ ਚਾਰ ਕੁ ਸਾਲਾਂ ਵਿੱਚ ਦੁੱਗਣਾ ਹੋ ਜਾਂਦਾ ਹੈ ਜਾਂ ਕਿਹਾ ਜਾ ਸਕਦਾ ਹੈ ਕਿ ਕ੍ਰੈਡਿਟ ਕਾਰਡ ਦਾ ਕਰਜ਼ਾ ਸਮੁੰਦਰ ਦੀ ਦਲ ਦਲ ਵਰਗਾ ਹੁੰਦਾ ਹੈ ਜਿਸ ਵਿੱਚੋਂ ਜਿੰਨਾ ਨਿਕਲਣਾ ਚਾਹੋਂ ਓਨਾ ਹੀ ਵਿਅਕਤੀ ਇਸ ਅੰਦਰ ਧਸਦਾ ਜਾਂਦਾ ਹੈ।

ਕ੍ਰੈਡਿਟ ਕਾਰਡ ਤੋਂ ਇਲਾਵਾ ਕਿਸ਼ਤਾਂ 'ਤੇ ਸਮਾਨ ਖਰੀਦਣ ਦੀ ਆਦਤ ਜਿਸ ਤਰਾਂ ਫਰਿੱਜ, ਟੈਲੀਵੀਜ਼ਨ, ਫਰਨੀਚਰ, ਕੱਪੜੇ ਅਤੇ ਹੋਰ ਘਰੇਲੂ ਸਮਾਨ ਖਰੀਦਣਾ ਵੀ ਵਿਅਕਤੀ ਦਾ ਖਹਿੜਾ ਨਹੀਂ ਛੱਡਦਾ।

ਕਿਸ਼ਤਾਂ 'ਤੇ ਖਰੀਦੇ ਸਮਾਨ ਉੱਪਰ ਵਿਆਜ਼ ਵੀ ਪੈਂਦਾ ਹੈ, ਐਪਲੀਕੇਸ਼ਨ ਫੀਸ ਪੈਂਦੀ ਹੈ, ਕਿਸ਼ਤ ਟੁੱਟ ਜਾਵੇ ਤਾਂ ਹੋਰ ਖਰਚਾ ਵੀ ਪੈਂਦਾ ਹੈ ਅਤੇ ਤੁਸੀਂ ਕਿਸ਼ਤਾਂ 'ਤੇ ਖਰੀਦੇ ਸਮਾਨ ਦੀ ਨੈਗੋਸਿਏਸ਼ਨ ਵੀ ਨਹੀਂ ਕਰ ਸਕਦੇ। ਇਸ ਤਰਾਂ ਜਿਹੜੀ ਚੀਜ਼ ਦਾ ਭਾਅ £4,000 ਹੋਵੇ ਅਤੇ ਨਕਦ ਪੈਸੇ ਦੇਣ ਨਾਲ ਅਤੇ ਨੈਗੋਸਿਏਸ਼ਨ ਕਰਨ ਨਾਲ ਇਹੀ ਚੀਜ਼ £3,700 ਦੀ ਮਿਲ ਜਾਂਦੀ ਹੈ ਪਰ ਕਿਸ਼ਤਾਂ 'ਤੇ ਲੈਣ ਨਾਲ ਉਪਰੋਕਤ ਖਰਚੇ ਪਾ ਕੇ ਇਹੀ ਚੀਜ਼ £4,500 ਦੀ ਪਵੇਗੀ। ਭਾਵ ਇਸ ਤਰਾਂ ਕਰਨ ਨਾਲ ਤੁਸੀਂ ਹਰ ਚੀਜ਼ 15% ਤੋਂ 20% ਮਹਿੰਗੀ ਖਰੀਦਦੇ ਹੋ।

ਜ਼ਿੰਦਗੀ ਵਿੱਚ ਸਭ ਤੋਂ ਵੱਡਾ ਰੋਲ ਆਪਣੀਆਂ ਆਦਤਾਂ ਦਾ ਹੁੰਦਾ ਹੈ। ਕਈ ਵਾਰ ਅਸੀਂ ਪਤਾ ਹੋਣ ਦੇ ਬਾਵਜੂਦ ਆਪਣੀਆਂ ਆਦਤਾਂ ਨਹੀਂ ਬਦਲਦੇ ਅਤੇ ਨਾ ਹੀ ਮੰਨਣ ਨੂੰ ਤਿਆਰ ਹੁੰਦੇ ਹਾਂ ਕਿ ਸਾਡੀ ਆਦਤ ਖਰਾਬ ਹੈ। ਬਹੁਤ ਸਾਰੇ ਦੋਸਤ ਮਿਲਦੇ ਹਨ ਅਤੇ ਕਹਿੰਦੇ ਹਨ ਕਿ ਬਚਦਾ ਕੁੱਝ ਨਹੀਂ। ਉਹ ਉਦਾਹਰਣਾਂ ਦੇ ਕੇ ਆਪਣੇ ਆਪ ਨੂੰ ਸਹੀ ਵੀ ਸਾਬਤ ਕਰ ਦਿੰਦੇ ਹਨ ਪਰ ਦੇਖਣ ਦੀ ਲੋੜ ਹੈ ਕਿ ਇਸੇ ਮਹੌਲ ਵਿੱਚ ਰਹਿੰਦਿਆਂ ਕੁੱਝ ਲੋਕ ਬਹੁਤ ਕਾਮਯਾਬ ਹੋ ਜਾਂਦੇ ਹਨ ਭਾਵ ਆਪਣੀ ਆਰਥਿਕਤਾ ਨੂੰ ਮਜ਼ਬੂਤ ਕਰ ਲੈਂਦੇ ਹਨ। ਇਸ ਤਰਾਂ ਕਿਉਂ ? ਇਸ ਦਾ ਸਿੱਧਾ ਜਵਾਬ ਇਹ ਹੈ ਕਿ ਉਹ ਆਪਣੀਆਂ ਆਦਤਾਂ ਬਦਲ ਲੈਂਦੇ ਹਨ ਅਤੇ ਉਹ ਕੁੱਝ ਕਰਨ ਦਾ ਫੈਸਲਾ ਕਰਦੇ ਹਨ ਜੋ ਦੂਜੇ ਨਹੀਂ ਕਰਦੇ। ਆਓ ਇੱਕ ਉਦਾਹਰਣ ਦੇਖਦੇ ਹਾਂ।

ਸੰਨ 2003 ਦੇ ਕਰੀਬ ਦੀ ਗੱਲ ਸੀ। ਇੱਕ ਘਰ ਖਰੀਦਣ ਦੀ ਟਰੇਨਿੰਗ ਦਾ ਬਹੁਤ ਮਹਿੰਗਾ ਪ੍ਰੋਗਰਾਮ ਸੀ ਜੋ ਤਿੰਨ ਦਿਨ ਲਗਾਤਾਰ ਚੱਲਣਾ ਸੀ। ਹਰ ਰੋਜ਼ ਤਕਰੀਬਨ 11 ਜਾਂ 12 ਘੰਟੇ ਪ੍ਰੋਗਰਾਮ ਚੱਲਦਾ ਸੀ। ਬਹੁਤਿਆਂ ਵਾਸਤੇ ਇਹ ਹੈਰਾਨੀ ਦੀ ਗੱਲ ਹੋਵੇਗੀ ਕਿ ਰੋਜ਼ਾਨਾ ਏਨੇ ਲੰਮੇ ਘੰਟੇ ਕੋਈ ਪ੍ਰੋਗਰਾਮ ਨਿਊਜ਼ੀਲੈਂਡ ਵਿੱਚ ਨਹੀਂ ਚੱਲਦਾ। ਇਸ ਪ੍ਰੋਗਰਾਮ ਨੂੰ ਜਾਣ ਬੁੱਝ ਕੇ ਲੰਮੇ ਘੰਟੇ ਚਲਾਇਆ ਜਾਂਦਾ ਸੀ ਤਾਂ ਕਿ ਲੋਕ ਆਪਣੇ ਕਮਫੋਰਟ ਜ਼ੋਨ (comfort zone) ਵਿੱਚੋਂ ਬਾਹਰ ਨਿਕਲਣ। ਉਸ ਪ੍ਰੋਗਰਾਮ ਵਿੱਚ 200 ਦੇ ਕਰੀਬ ਉਹ ਲੋਕ ਸ਼ਾਮਲ ਹੋਏ ਸਨ ਜੋ ਪਰੌਪਰਟੀ ਦੇ ਕਾਰੋਬਾਰ ਕਰਨ ਨਾਲ ਫਾਇਨੈਨਸ਼ੀਅਲ ਫਰੀਡਮ



(financial freedom) ਹਾਸਲ ਕਰਨਾ ਚਾਹੁੰਦੇ ਸੀ। ਮੈਂ ਇਕੱਲਾ ਪੰਜਾਬੀ ਮੂਲ ਦਾ ਵਿਅਕਤੀ ਸੀ। ਅੰਗਰੇਜ਼ੀ ਮੇਰੀ ਤੀਜੀ ਭਾਸ਼ਾ ਹੋਣ ਦੇ ਬਾਵਜੂਦ ਮੈਂ ਮਹਿੰਗੀ ਸਿਖਲਾਈ ਲੈਣ ਚਲਾ ਗਿਆ ਸੀ।

ਘਰ ਖਰੀਦਣ ਦੇ ਪ੍ਰੋਗਰਾਮ ਦੀ ਸਿਖਲਾਈ ਦੌਰਾਨ ਇੱਕ ਛੋਟਾ ਸਲੌਟ ਨੈਗੇਟਿਵ ਗੇਰਿੰਗ (negative gearing) ਦਾ ਸੀ ਜਿਸ ਵਿੱਚ ਇਹ ਦੱਸਣ ਦੀ ਕੋਸ਼ਿਸ਼ ਸੀ ਕਿ ਇਸ ਤਰਾਂ ਦੀਆਂ ਪਰੌਪਰਟੀਆਂ ਖਰੀਦਣ ਨਾਲ ਕਿਸ ਤਰਾਂ ਵਿਅਕਤੀ ਕੋਲ ਕੈਸ਼ ਘਟਦਾ ਜਾਂਦਾ ਹੈ ?


ਸਟੇਜ ਤੋਂ ਪੇਸ਼ ਕਰਨ ਵਾਲੇ ਨੇ $100 ਨਾਲ ਗੇਮ ਸ਼ੁਰੂ ਕੀਤੀ ਅਤੇ ਗੇਮ ਖੇਡਦਿਆਂ ਉਹ ਪੈਸੇ ਘਟਦੇ-ਘਟਦੇ ਸਿਰਫ ਇੱਕ ਡਾਲਰ ਰਹਿ ਗਿਆ ਤਾਂ ਸ਼ੋ ਪੇਸ਼ ਕਰਨ ਵਾਲਾ ਕਹਿੰਦਾ ਕਿ ਹੁਣ ਇੱਕ ਡਾਲਰ ਦਾ ਕੀ ਕਰਾਂ ? ਪੂਰੇ ਹਾਲ ਵਿਚੋਂ ਇੱਕ ਨੌਜਵਾਨ ਮੁੰਡਾ ਉੱਠਿਆ ਅਤੇ ਕਹਿੰਦਾ ਇਹ ਮੈਨੂੰ ਦੇ ਦੇ। ਸ਼ੋ ਪੇਸ਼ ਕਰਨ ਵਾਲਾ ਪੁੱਛਣ ਲੱਗਾ ਕਿ ਤੂੰ ਇਸ ਦਾ ਕੀ ਕਰੇਂਗਾ ? ਉਹ ਨੌਜਵਾਨ ਕਹਿਣ ਲੱਗਾ ਕਿ ਮੈਂ ਇਸ ਦਾ ਘਰ ਖਰੀਦ ਲਵਾਂਗਾ। ਸਾਰੇ ਇਹ ਸੁਣ ਕੇ ਹੱਸ ਪਏ। ਘਰ ਉਨਾਂ ਦਿਨਾਂ ਵਿੱਚ ਵੀ ਦੋ ਲੱਖ ਦੇ ਹੁੰਦੇ ਸਨ। ਸ਼ੋ ਕਰਨ ਵਾਲਾ ਪੁੱਛਣ ਲੱਗਾ ਕਿ ਤੂੰ ਇਸ ਡਾਲਰ ਨਾਲ ਘਰ ਕਿੰਨੇ ਚਿਰ ਵਿੱਚ ਖਰੀਦ ਲਵੇਂਗਾ ? ਉਹ ਕਹਿਣ ਲੱਗਾ ਕਿ ਛੇ ਮਹੀਨੇ ਵਿੱਚ। ਸ਼ੋ ਕਰਨ ਵਾਲਾ ਕਹਿਣ ਲੱਗਾ ਕਿ ਤੂੰ ਆਪਣੇ ਕੋਲ ਲਿਖ ਕੇ ਰੱਖੀਂ ਕਿ ਇੱਕ ਡਾਲਰ ਨਾਲ ਸ਼ੁਰੂ ਕਰਕੇ ਤੂੰ ਘਰ ਕਿਵੇਂ ਖਰੀਦਿਆ ? ਫਿਰ ਜਿਹੜਾ ਸਾਡਾ ਪ੍ਰੋਗਰਾਮ ਸੱਤ ਮਹੀਨੇ ਤੱਕ ਹੋਣਾ ਹੈ ਉਸ ਵਿੱਚ ਬਾਕੀਆਂ ਨੂੰ ਵੀ ਦੱਸਾਂਗੇ ਅਤੇ ਤੈਨੂੰ ਇਨਾਮ ਵੀ ਦਿਆਂਗੇ ਅਤੇ ਉਸ ਪ੍ਰੋਗਰਾਮ ਦੀ ਮੁਫ਼ਤ ਟਿਕਟ ਵੀ ਦਿਆਂਗੇ ਜੋ ਕਿ $5,000 ਦੀ ਹੁੰਦੀ ਹੈ । ਇਹ ਕਹਿ ਕੇ ਉਸ ਨੌਜਵਾਨ ਨੇ ਇੱਕ ਡਾਲਰ ਲੈ ਲਿਆ।

ਦੋ ਲੱਖ ਦਾ ਘਰ ਖਰੀਦਣ ਲਈ ਉਸ ਨੌਜਵਾਨ ਨੂੰ ਦਸ ਹਜ਼ਾਰ ਡਾਲਰ ਡਿਪੋਜ਼ਿੱਟ/ਡਾਊਂਨਪੇਮੈਂਟ (deposit/down payment) ਚਾਹੀਦਾ ਸੀ। ਉਸ ਤੋਂ ਬਾਦ ਨੌਜਵਾਨ ਨੇ ਨਿਊਜ਼ੀਲੈਂਡ ਦੀਆਂ ਵੈਬਸਾਈਟਾਂ 'ਤੇ ਇੱਕ ਡਾਲਰ ਨਾਲ ਚੀਜ਼ਾਂ ਵੇਚਣੀਆਂ ਅਤੇ ਖਰੀਦਣੀਆਂ ਸ਼ੁਰੂ ਕੀਤੀਆਂ। ਉਹ ਇੱਕ ਡਾਲਰ ਦਿਨੋਂ-ਦਿਨ ਵਧਣ ਲੱਗ ਪਿਆ। ਇਸ ਤਰਾਂ ਵਪਾਰ ਕਰਦੇ ਨੂੰ ਇੱਕ ਬਹੁਤ ਸੁੰਦਰ ਪੇਂਟਿੰਗ ਉਸ ਨੂੰ ਮਿਲ ਗਈ। ਉਸ ਨੇ ਸੋਚਿਆ ਕਿ ਇਹ ਪੇਂਟਿੰਗ ਸ਼ੋ ਕਰਨ ਵਾਲੇ ਨੂੰ ਪਸੰਦ ਆਵੇਗੀ। ਉਸ ਨੇ ਉਸ ਨੂੰ ਦਿਖਾਈ ਤਾਂ ਉਹ ਪੇਂਟਿੰਗ ਉਸ ਨੇ ਪੰਜ ਹਜ਼ਾਰ ਵਿੱਚ ਖਰੀਦ ਲਈ। ਪਰ ਉਸ ਨੇ ਉਹ ਪੈਸੇ ਨਕਦ ਨਹੀਂ ਦਿੱਤੇ। ਉਸ ਨੂੰ ਪ੍ਰੋਗਰਾਮ ਦੀ ਟਿਕਟ ਬਦਲੇ ਖਰੀਦ ਲਿਆ। ਉਸ ਮੁੰਡੇ ਨੇ ਟਿਕਟ ਵੀ ਵੇਚ ਦਿੱਤੀ ਅਤੇ ਕੁੱਝ ਹੋਰ ਚੀਜ਼ਾਂ ਵੇਚ ਕੇ ਤਕਰੀਬਨ ਸਾਢੇ ਪੰਜ ਮਹੀਨੇ ਵਿੱਚ ਦਸ ਹਜ਼ਾਰ ਡਿਪੋਸਿਟ ਦੇ ਕੇ ਘਰ ਖਰੀਦ ਲਿਆ।

ਇਸ ਤਰਾਂ ਵੱਖਰੇ ਕੰਮ, ਵੱਖਰੀ ਸੋਚ ਦੇ ਨਤੀਜੇ ਵੀ ਬਾਕੀਆਂ ਨਾਲੋਂ ਵੱਖਰੇ ਹੀ ਹੁੰਦੇ ਹਨ। ਕੁੱਝ ਸਾਲਾਂ ਬਾਦ ਉਹ ਨੌਜਵਾਨ ਮੁੰਡਾ ਮਲਟੀ ਮਿਲਿਯਨੇਯਰ (multi millionaire) ਬਣਿਆ। ਇਹ ਉਸ ਦੁਆਰਾ ਕੀਤੀ ਸਖਤ ਮਿਹਨਤ ਦੀ ਕਮਾਈ ਸੀ ਪਰ ਉਸ ਨੇ ਉਸ ਨਾਲ ਉਹ ਕੁੱਝ ਕਰ ਦਿੱਤਾ ਸੀ ਜੋ ਬਹੁਤੇ ਲੋਕ ਪੂਰੀ ਜ਼ਿੰਦਗੀ ਵਿੱਚ ਕਰਨ ਦਾ ਵੀ ਸੁਪਨਾ ਨਹੀਂ ਲੈ ਸਕਦੇ।

ਨਤੀਜਾ :- ਜ਼ਿੰਦਗੀ ਵਿੱਚ ਪੱਤਝੜ ਵੀ ਆ ਜਾਵੇ ਤਾਂ ਵੀ ਬਹਾਰਦੀ ਆਸ ਨਹੀਂ ਛੱਡਣੀ ਚਾਹੀਦੀ।

**ਅਵਤਾਰ ਤਰਕਸ਼ੀਲ**
**ਨਿਊਜ਼ੀਲੈਂਡ**
006421392147






ਕੁਲਵਿੰਦਰ ਸਿੰਘ ਝੱਮਟ QSM ਅਤੇ ਉਹਨਾਂ ਦੇ ਪੂਰੇ ਪਰਿਵਾਰ ਵੱਲੋਂ 'ਮਹਿਕ-ਏ-ਵਤਨ' ਦੀ ਪੂਰੀ ਟੀਮ ਨੂੰ ਨਵੇਂ ਸਾਲ ਦੀਆਂ ਬਹੁਤ-ਬਹੁਤ ਮੁਬਾਰਕਾਂ।

**Kulwinder Singh JHAMAT QSM**
**Pokeno Jandu Singh Wala**




## ਪੰਜਾਬ ਤੋਂ ਕੋਈ ਵੀ ਵਸਤੂ ਆਪਣੇ ਕੋਲ ਨਿਊਜੀਲੈਂਡ ਵਿੱਚ ਘਰ ਬੈਠੇ ਮੰਗਵਾਓ

ਦੋਸਤੋ ਅਸੀਂ ਤੁਹਾਡੇ ਲਈ ਨਵੀਂ ਤਰ੍ਹਾਂ ਦੀ ਸੇਵਾ ਸ਼ੁਰੂ ਕਰ ਰਹੇ ਹਾਂ ਜਿਸ ਵਿੱਚ ਤੁਸੀਂ ਜੇ ਪੰਜਾਬ ਤੋਂ ਕੋਈ ਵੀ ਵਸਤੂ ਆਪਣੇ ਕੋਲ ਨਿਊਜੀਲੈਂਡ ਵਿੱਚ ਘਰ ਬੈਠੇ ਮੰਗਵਾਉਣਾ ਚਹੁੰਦੇ ਹੋ ਤਾਂ ਅਸੀਂ ਇਸ ਵਿੱਚ ਤੁਹਾਡੀ ਮੱਦਦ ਕਰ ਸਕਦੇ ਹਾਂ। ਅਸੀਂ ਹਰ ਉਹ ਚੀਜ ਜੋ ਦੋਂਹੇ ਦੇਸ਼ਾਂ ਵਿੱਚ ਕਿਸੇ ਵੀ ਤਰ੍ਹਾਂ ਗੈਰਕਾਨੂੰਨੀ ਨਾ ਹੋਵੇ ਕੋਰੀਅਰ ਰਾਹੀਂ ਪੰਜਾਬ ਦੇ ਕਿਸੇ ਵੀ ਹਿੱਸੇ ਵਿੱਚੋਂ ਖਰੀਦਕੇ ਤੁਹਾਡੇ ਤੱਕ ਪਹੁੰਚਦੀ ਕਰ ਸਕਦੇ ਹਾਂ।



ਜੇ ਤੁਸੀਂ ਵੀ ਕੁਝ ਵੀ ਪੰਜਾਬ ਤੋਂ ਮੰਗਵਾਉਣਾ ਚਹੁੰਦੇ ਹੋ ਤਾਂ ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: **+64274427338**
ਇੰਡੀਆ ਦਫਤਰ ਵਟਸਐਪ ਨੰਬਰ: **84277-12890**

GOLIAN Consultants
Immigration Specialists
since 1988.

Contact us for:
* Business Visa Assessment
* Skilled Work Visa Assessment
*Student Visa Assessment

Level 1, 3 Campbell Road,
Royal Oak, Auckland
NEW ZEALAND
Email: golian@golian.co.nz
Phone: 021 624 120, 096 241 204




# ਸਟੇਟ ਬੈਂਕ ਆਫ਼ ਪਾਕਿਸਤਾਨ ਦੇ ਫਾਈਨਾਂਸ ਨਿਰਦੇਸ਼ਕ ਦਾ ਬਿਆਨ



ਸਟੇਟ ਬੈਂਕ ਆਫ ਪਾਕਿਸਤਾਨ ਦੇ ਫਾਈਨਾਂਸ ਨਿਰਦੇਸ਼ਕ ਕ਼ਾਦਿਰ ਬਖ਼ਸ਼ ਨੇ ਖੁਲਾਸਾ ਕੀਤਾ ਕਿ ਦੇਸ਼ ਅੰਦਰ ਨਕਲੀ ਨੋਟ ਵੱਡੀ ਗਿਣਤੀ 'ਚ ਘੁੰਮ ਰਹੇ ਹਨ ਤੇ ਉਨ੍ਹਾਂ 'ਚੋਂ ਸਭ ਤੋਂ ਜ਼ਿਆਦਾ ਗਿਣਤੀ 1000 ਦੇ ਨੋਟਾਂ ਦੀ ਹੈ। ਉਨ੍ਹਾਂ ਅੱਗੇ ਦੱਸਿਆ ਕਿ ਪਿਛਲੇ 2 ਸਾਲਾਂ ਦੌਰਾਨ ਦੇਸ਼ 'ਚ ਕਰੀਬ 20 ਹਜ਼ਾਰ ਨਕਲੀ ਨੋਟ ਜ਼ਬਤ ਕੀਤੇ ਗਏ ਹਨ। ਇਸ ਤੋਂ ਇਲਾਵਾ ਸੁਰੱਖਿਆ ਏਜੰਸੀਆਂ ਵੱਲੋਂ ਵੀ ਕਰੀਬ 35,000 ਨਕਲੀ ਨੋਟ ਫੜੇ ਗਏ ਹਨ, ਜਿਨ੍ਹਾਂ 'ਚੋਂ ਵੱਡਾ ਹਿੱਸਾ 1000 ਦੇ ਨੋਟਾਂ ਦਾ ਹੀ ਰਿਹਾ। ਦੇਸ਼ ਦੇ ਕਿਸੇ ਵੀ ਏ.ਟੀ.ਐੱਮ. ਤੋਂ ਨਕਲੀ ਨੋਟ ਮਿਲਣ ਦੀ ਕੋਈ ਸ਼ਿਕਾਇਤ ਨਹੀਂ ਮਿਲੀ। ਦੱਸ ਦੇਈਏ ਕਿ ਏ.ਟੀ.ਐੱਮ. 'ਚੋਂ ਨਕਲੀ ਨੋਟ ਮਿਲਣ 'ਤੇ ਬੈਂਕ ਨੂੰ ਉਸ ਨੋਟ ਦੇ ਮੁੱਲ ਜਿੰਨਾ ਹੀ ਜੁਰਮਾਨਾ ਦੇਣਾ ਪੈਂਦਾ ਹੈ। ਨਕਲੀ ਨੋਟਾਂ ਦੀ ਇਸ ਵੱਡੀ ਗਿਣਤੀ ਕਾਰਨ ਦੇਸ਼ ਦੀਆਂ ਸੁਰੱਖਿਆ ਏਜੰਸੀਆਂ ਹੋਰ ਸਾਵਧਾਨ ਹੋ ਗਈਆਂ ਹਨ ਤੇ ਨਕਲੀ ਨੋਟ ਮਿਲਣ 'ਤੇ ਸਖ਼ਤ ਕਾਰਵਾਈ ਕਰਨ ਦੀਆਂ ਯੋਜਨਾਵਾਂ ਵੀ ਬਣਾਈਆਂ ਜਾ ਰਹੀਆਂ ਹਨ ਤਾਂ ਜੋ ਆਮ ਜਨਤਾ ਨੂੰ ਇਸ ਕਾਰਨ ਕਿਸੇ ਤਰ੍ਹਾਂ ਦੀ ਕਿਸੇ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇਗਾ।

# ਵਿਆਹ ਦੇ ਬੰਧਨ 'ਚ ਬੱਝੇ ਆਮਿਰ ਖ਼ਾਨ ਦੀ ਧੀ ਇਰਾ ਤੇ ਨੂਪੁਰ ਸ਼ਿਖਰੇ

ਮੁੰਬਈ – ਸੁਪਰਸਟਾਰ ਆਮਿਰ ਖ਼ਾਨ ਅਤੇ ਫ਼ਿਲਮ ਨਿਰਮਾਤਾ ਰੀਨਾ ਦੱਤਾ ਦੀ ਬੇਟੀ ਇਰਾ ਖ਼ਾਨ (26) ਬੁੱਧਵਾਰ ਨੂੰ ਨੂਪੁਰ ਸ਼ਿਖਰੇ ਨਾਲ ਵਿਆਹ ਦੇ ਬੰਧਨ ਵਿਚ ਬੱਝ ਗਈ। ਇਰਾ ਨੇ ਉਪਨਗਰੀ ਖੇਤਰ ਬਾਂਦਰਾ ਦੇ ਇਕ ਪੰਜ ਤਾਰਾ ਹੋਟਲ 'ਚ 'ਸੈਲੀਬ੍ਰਿਟੀ ਫਿਟਨੈੱਸ ਟ੍ਰੇਨਰ' ਨੂਪੁਰ ਨਾਲ ਵਿਆਹ ਕਰਵਾਇਆ। ਇਰਾ ਇਕ ਮਾਨਸਿਕ ਸਿਹਤ ਸਹਿਯੋਗ ਸੰਗਠਨ ਦੀ ਸੰਸਥਾਪਕ ਅਤੇ ਸੀ. ਈ. ਓ. ਅਧਿਕਾਰੀ ਹੈ। ਇਸ ਵਿਆਹ ਸਮਾਰੋਹ 'ਚ ਆਮਿਰ, ਉਨ੍ਹਾਂ ਦੀਆਂ ਸਾਬਕਾ ਪਤਨੀਆਂ ਰੀਨਾ ਦੱਤਾ ਅਤੇ ਕਿਰਨ ਰਾਓ ਸਮੇਤ ਪਰਿਵਾਰ ਦੇ ਹੋਰ ਮੈਂਬਰ ਮੌਜੂਦ ਸਨ। ਇਸ ਵਿਆਹ ਸਮਾਰੋਹ ਦੀਆਂ ਵੀਡੀਓ ਸੋਸ਼ਲ ਮੀਡੀਆ 'ਤੇ ਸਾਹਮਣੇ ਆਈਆਂ ਹਨ, ਜਿਨ੍ਹਾਂ 'ਚ ਨੂਪੁਰ ਅਤੇ ਇਰਾ ਵਿਆਹ ਦੇ ਦਸਤਾਵੇਜ਼ਾਂ 'ਤੇ ਦਸਤਖਤ ਕਰਦੇ ਨਜ਼ਰ ਆ ਰਹੇ ਹਨ। ਉਨ੍ਹਾਂ ਦੇ ਆਸ-ਪਾਸ ਪਰਿਵਾਰਕ ਮੈਂਬਰ ਅਤੇ ਮਹਿਮਾਨ ਸਨ।





# ਪ੍ਰਭਾਸ ਦੀ ‘ਸਾਲਾਰ’ ਫ਼ਿਲਮ ਦੀ ਕਮਾਈ 600 ਕਰੋੜ ਦੇ ਪਾਰ




ਮੁੰਬਈ - ਪ੍ਰਭਾਸ ਦੀ ਫ਼ਿਲਮ ਹੌਲੀ-ਹੌਲੀ ਚੰਗੀ ਕਮਾਈ ਕਰ ਰਹੀ ਹੈ। ਭਾਵੇਂ ਫ਼ਿਲਮ ਨੂੰ ਲੋਕਾਂ ਵਲੋਂ ਮਿਲਿਆ-ਜੁਲਿਆ ਹੁੰਗਾਰਾ ਮਿਲਿਆ ਹੈ ਪਰ ਇਸ ਦੇ ਬਾਵਜੂਦ ਫ਼ਿਲਮ ਬਾਕਸ ਆਫਿਸ ’ਤੇ 600 ਕਰੋੜ ਰੁਪਏ ਦਾ ਅੰਕੜਾ ਪਾਰ ਕਰ ਗਈ ਹੈ।‘ਸਾਲਾਰ’ ਨੇ ਹੁਣ ਤਕ 625 ਕਰੋੜ ਰੁਪਏ ਕਮਾ ਲਏ ਹਨ। ਫ਼ਿਲਮ 22 ਦਸੰਬਰ ਨੂੰ ਰਿਲੀਜ਼ ਹੋਈ ਸੀ। ਕਮਾਈ ਦਾ ਇਹ ਅੰਕੜਾ ਫ਼ਿਲਮ ਦੇ ਪ੍ਰੋਡਕਸ਼ਨ ਹਾਊਸ ਹੋਮਬਾਲੇ ਫ਼ਿਲਮਜ਼ ਵਲੋਂ ਜਾਰੀ ਕੀਤਾ ਗਿਆ ਹੈ।

ਪੈਨ ਇੰਡੀਆ ਸਟਾਰ ਪ੍ਰਭਾਸ ਬਾਹੂਬਲੀ ਫ੍ਰੈਂਚਾਇਜ਼ੀ ਤੋਂ ਬਾਅਦ ਹੁਣ ਆਪਣੀ ਐਕਸ਼ਨ ਨਾਲ ਭਰਪੂਰ ਫਿਲਮ ‘ਸਲਾਰ : ਪਾਰਟ 1- ਸੀਜ਼ਫਾਇਰ’ ਦੇ ਨਾਲ ਵਾਹੋ-ਵਾਹੀ ਖੱਟ ਰਹੇ ਹਨ। ਇਹ ਐਕਸ਼ਨ ਡਾਇਰੈਕਟਰ ਪ੍ਰਸ਼ਾਂਤ ਨੀਲ ਦੇ ਨਾਲ ਉਨ੍ਹਾਂ ਦਾ ਪਹਿਲਾ ਪ੍ਰਾਜੈਕਟ ਹੈ, ਜਿਸ ਨੇ ਯਕੀਨੀ ਤੌਰ ’ਤੇ ਨਾ ਸਿਰਫ ਆਪਣੀ ਸ਼ਾਨਦਾਰ ਕਹਾਣੀ ਅਤੇ ਹਾਈ-ਆਕਟੇਨ ਐਕਸ਼ਨ ਨਾਲ ਲੋਕਾਂ ਦਾ ਦਿਲ ਜਿੱਤਿਆ, ਸਗੋਂ ਬਾਕਸ ਆਫਿਸ ’ਤੇ ਵੀ ਤੂਫਾਨ ਲਿਆ ਦਿੱਤਾ। ਇੰਨਾ ਹੀ ਨਹੀਂ ਫਿਲਮ ਗਲੋਬਲ ਲੈਵਲ ’ਤੇ ਵੀ ਧਮਾਲ ਮਚਾ ਰਹੀ ਹੈ। ਇਸ ਦੇ ਨਾਲ ਹੀ ਫਿਲਮ ਦਾ ਵਰਲਡ ਵਾਈਡ ਕਲੈਕਸ਼ਨ 644.80 ਕਰੋੜ ਰੁਪਏ ਹੋ ਗਿਆ ਹੈ। ਫਿਲਮ ਲਗਾਤਾਰ ਅੱਗੇ ਵਧਦੀ ਜਾ ਰਹੀ ਹੈ।

ਸੁਪਰਸਟਾਰ ਪ੍ਰਭਾਸ ਦਾ ਕਹਿਣਾ ਹੈ ਕਿ ਪਰਿਵਾਰ ਵਿਚ ਮਾਂ ਉਨ੍ਹਾਂ ਦੀ ਸਭ ਤੋਂ ਵਧੀਆ ਆਲੋਚਕ ਹੈ। ਮੂਲ ਤੌਰ ’ਤੇ ਉਹ ਨਿਰਦੇਸ਼ਕ ਦੇ ਐਕਟਰ ਹਨ। ਨਿਰਦੇਸ਼ਕ ਚਾਹੁੰਦੇ ਸਨ ਕਿ ਉਹ ਸੀਨ ਦੀ ਮੰਗ ਅਨੁਸਾਰ ਮਾਸੂਮੀਅਤ ਅਤੇ ਡਰਾਉਣੇ ਦੋਵੇਂ ਗੁਣਾਂ ਨੂੰ ਨਾਲੋ-ਨਾਲ ਦਿਖਾਉਣ। ਉਨ੍ਹਾਂ ਦੱਸਿਆ ਕਿ ਦੇਵਾ ਇਕ ਅਜਿਹਾ ਵਿਅਕਤੀ ਹੈ, ਜਿਸ ਵਿਚ ਖਾਸ ਭਾਵਨਾਵਾਂ ਹਨ, ਜੋ ਉਸਦੀ ਮਾਂ ਅਤੇ ਖਾਸ ਕਰਕੇ ਦੋਸਤ ਦੁਆਰਾ ਪੈਦਾ ਹੁੰਦੀਆਂ ਹਨ। ਉਨ੍ਹਾਂ ਨਾਲ ਜੁੜੀ ਕੋਈ ਵੀ ਚੀਜ਼ ਉਸ ਦੇ ਕਰੈਕਟਰ ਨੂੰ ਪ੍ਰਭਾਵਿਤ ਕਰਦੀ ਹੈ ਅਤੇ ਉਹ ਉਸੇ ਤਰ੍ਹਾਂ ਆਪਣੀ ਫੀਲਿੰਗਜ਼ ਜ਼ਾਹਿਰ ਕਰਦਾ ਹੈ। ਨਿਰਦੇਸ਼ਕ ਜੋ ਚਾਹੁੰਦੇ ਸੀ, ਉਸਦੇ ਆਧਾਰ ’ਤੇ ਉਨ੍ਹਾਂ ਨੇ ਪ੍ਰਦਰਸ਼ਨ ਕੀਤਾ, ਖ਼ਾਸ ਕਰਕੇ ਜਦੋਂ ਗੱਲ ਉਨ੍ਹਾਂ ਦੀ ਮਾਂ ਅਤੇ ਦੋਸਤ ਨਾਲ ਜੁੜੇ ਸੀਨ ਦੀ ਹੋਵੇ।

ਪ੍ਰਭਾਸ ਨੇ ਕਿਹਾ ਕਿ ਨਿਰਦੇਸ਼ਕ ਚਾਹੁੰਦੇ ਸਨ ਕਿ ਉਹ ਇਕ ਖਾਸ ਸਰੀਰਕ ਰੂਪ ਬਣਾਉਣ ਅਤੇ ਅਗ੍ਰੈਸਿਵ ਸੀਨਸ ਲਈ ਉਨ੍ਹਾਂ ਨੇ ਕੁਝ ਵਰਕਸ਼ਾਪਸ਼ ਵੀ ਕੀਤੀਆਂ। ਖਾਲੀ ਸਮੇਂ ਵਿਚ ਮੈਂ ਅਤੇ ਉਹ ਤਜ਼ਰਬੇ ਕਰਦੇ ਸਨ। ਮੈਨੂੰ ਪੁੱਛਦੇ ਸੀ ਕਿ ਕੀ ਕੋਈ ਖਾਸ ਸਟਾਈਲ ਠੀਕ ਹੋਵੇਗਾ ਅਤੇ ਅਸੀਂ ਮਜ਼ਾਕ ਵਿਚ ਇਸ ਨੂੰ ਮਨੋਰੰਜਨ ਦੇ ਲਈ ‘ਲੇਜ਼ੀ ਲਾਈਨ’ ਕਿਹਾ। ਉਦਾਹਰਨ ਲਈ, ਕੋਲੇ ਦੀ ਖਾਣ ਦੇ ਸੀਨ ਵਿਚ, ਉਹ ਚਾਹੁੰਦੇ ਸੀ ਕਿ ਕੁਝ ਐਗ੍ਰੈਸਿਵ ਪਲਾਂ ਦੌਰਾਨ ਲੇਜ਼ੀ ਬਾਡੀ ਲੈਂਗਵੇਜ ਵਿਚ ਨਜ਼ਰ ਆਵਾਂ। ਕਦੇ-ਕਦੇ ਕਿਸੇ ਸੀਕਵੈਂਸ ਲਈ ਬਦਲਾਅ ਦੀ ਸਲਾਹ ਦਿੰਦਾ ਸੀ। ਨਿਰਦੇਸ਼ਕ ਦੇ ਇਨਪੁਟ, ਉਨ੍ਹਾਂ ਦੇ ਤਜ਼ਰਬੇ ਅਤੇ ਕਿਰਦਾਰ ਦੀ ਮੰਗ ਨੇ ਬਾਡੀ ਅਤੇ ਪ੍ਰਦਰਸ਼ਨ ਵਿਚ ਯੋਗਦਾਨ ਪਾਇਆ।’’ ਉਨ੍ਹਾਂ ਕਿਹਾ ਕਿ ਮੈਂ ਅਤੇ ਉਹ ਦੋਵੇਂ ਹੀ ਐਕਸ਼ਨ ਦਾ ਆਨੰਦ ਲੈਂਦੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਐਕਸ਼ਨ ਸੀਨ ਵਧੀਆ ਬਣੇ ਹਨ।



ਪ੍ਰਭਾਸ ਨੇ ਕਿਹਾ ਕਿ ਮੈਨੂੰ ਉਨ੍ਹਾਂ ਨਾਲ ਕੰਮ ਕਰ ਕੇ ਬਹੁਤ ਮਜ਼ਾ ਆਇਆ। ਮੈਨੂੰ ਉਮੀਦ ਹੈ ਕਿ ਮੈਂ ਭਵਿੱਖ ਵਿਚ ਉਨ੍ਹਾਂ ਨਾਲ ਦੁਬਾਰਾ ਕੰਮ ਕਰ ਸਕਾਂਗਾ।’’ ਉਨ੍ਹਾਂ ਕਿਹਾ ਕਿ ਉਹ ਸਲਾਰ ਨੂੰ ਅਜਿਹੀ ਸੱਭਿਆਚਾਰਕ ਘਟਨਾ ਬਣਾਉਣ ਲਈ ਆਪਣੇ ਪ੍ਰਸ਼ੰਸਕਾਂ ਦੇ ਧੰਨਵਾਦੀ ਹਨ। ਉਹ ਫਿਲਮ ਨੂੰ ਮਿਲੇ ਹੁੰਗਾਰੇ ਤੋਂ ਉਹ ਕਾਫੀ ਖੁਸ਼ ਹਨ। ਇਹ ਮੌਕਾ ਦੇਣ ਲਈ ਪ੍ਰਸ਼ਾਂਤ ਨੀਲ ਅਤੇ ਹੋਮਬਲੇ ਫਿਲਮਜ਼ ਨੂੰ ਧੰਨਵਾਦ। ਉਨ੍ਹਾਂ ਕਿਹਾ ਕਿ ਉਹ ਆਪਣੇ ਪ੍ਰਸ਼ੰਸਕਾਂ ਦੇ ਬਹੁਤ ਧੰਨਵਾਦੀ ਹਨ, ਜਿਨ੍ਹਾਂ ਨੇ ਇਹ ਸੰਭਵ ਬਣਾਇਆ, ਉਨ੍ਹਾਂ ਤੋਂ ਬਿਨਾਂ ਇਹ ਨਹੀਂ ਹੋ ਸਕਦਾ ਸੀ।

ਪ੍ਰਭਾਸ ਦਾ ਕਹਿਣਾ ਹੈ ਕਿ ਜਦੋਂ ਪ੍ਰਸ਼ਾਂਤ ਨੇ ਉਨ੍ਹਾਂ ਨਾਲ ਫਿਲਮ ਕਰਨ ਵਿਚ ਦਿਲਚਸਪੀ ਦਿਖਾਈ ਤਾਂ ਉਹ ਖੁਸ਼ ਹੋ ਗਏ। ਸਾਰੇ ਦੋਸਤ, ਚਚੇਰੇ ਭੈਣ-ਭਰਾ ਅਤੇ ਪਰਿਵਾਰ ਵਾਲੇ ਉਨ੍ਹਾਂ ਦੇ ਨਾਲ ਕੰਮ ਕਰਨ ਦੀ ਉਡੀਕ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਪ੍ਰਸ਼ਾਂਤ ਨੀਲ ਨੂੰ ਸਭ ਤੋਂ ਪਿਆਰੇ, ਡੂੰਘੇ ਅਤੇ ਮਹਾਨ ਕਮਰਸ਼ੀਅਲ ਨਿਰਦੇਸ਼ਕ ਮੰਨਿਆ ਜਾਂਦਾ ਹੈ, ਖਾਸ ਕਰਕੇ ਕੇ. ਜੀ. ਐੱਫ.-1 ਤੋਂ ਬਾਅਦ। ਅਸੀਂ ਪਹਿਲਾਂ ਇਕ ਵਾਰ ਗੈਰ-ਰਸਮੀ ਤੌਰ ’ਤੇ ਮਿਲੇ ਸੀ। ਉਸ ਤੋਂ ਬਾਅਦ ਹੋਮਬਲੇ ਫਿਲਮਜ਼ ਦਾ ਫੋਨ ਆਇਆ। ਜਦੋਂ ਉਹ ਪ੍ਰਸ਼ਾਂਤ ਨੀਲ ਨੂੰ ਮਿਲੇ ਤਾਂ ਤੁਰੰਤ ਹੀ ਉਹ ਪਸੰਦ ਆ ਗਏ।ਉਹ ਬਹੁਤ ਖੂਬਸੂਰਤ ਇਨਸਾਨ ਹਨ।

ਮਿਸਾਲ ਵਜੋਂ ਜੇਕਰ ਕੋਈ ਸਹਾਇਕ ਕੈਮਰਾਮੈਨ ਜਾਂ ਸੈੱਟ ’ਤੇ ਕੋਈ ਵਿਅਕਤੀ ਕੁਝ ਸੁਝਾਅ ਦਿੰਦਾ ਹੈ, ਤਾਂ ਉਹ ਪੂਰੀ ਟੀਮ ਦੇ ਸਾਹਮਣੇ ਉਸ ਆਈਡੀਆ ਦਾ ਕ੍ਰੈਡਿਟ ਉਸ ਵਿਅਕਤੀ ਨੂੰ ਦਿੰਦੇ ਹਨ, ਜੋ ਉਨ੍ਹਾਂ ਦੀ ਇਕ ਚੰਗੀ ਗੱਲ ਹੈ। ਉਨ੍ਹਾਂ ਕਿਹਾ ਕਿ ਉਹ ਕਈ ਨਿਰਦੇਸ਼ਕਾਂ ਨੂੰ ਜਾਣਦੇ ਹਨ, ਜੋ ਸੁਝਾਅ ਸਵੀਕਾਰ ਕਰਦੇ ਹਨ ਪਰ ਪ੍ਰਸ਼ਾਂਤ ਨਾ ਸਿਰਫ਼ ਉਨ੍ਹਾਂ ਨੂੰ ਸਵੀਕਾਰ ਕਰਦੇ ਹਨ, ਸਗੋਂ ਕ੍ਰੈਡਿਟ ਵੀ ਉਸੇ ਨੂੰ ਦਿੰਦੇ ਹਨ। ਉਹ ਉਸ ਵਿਅਕਤੀ ਦਾ ਧੰਨਵਾਦ ਕਰਦੇ ਹਨ, ਜਿਸ ਨੇ ਸਮੁੱਚੀ ਟੀਮ ਨੂੰ ਇਹ ਵਿਚਾਰ ਸੁਝਾਇਆ ਸੀ। ਸੱਚਮੁੱਚ ਦਿਆਲੂ ਅਤੇ ਵਿਚਾਰਵਾਨ ਵਿਅਕਤੀ ਹਨ, ਉਹ ਨਾ ਸਿਰਫ਼ ਦਿਆਲੂ ਹਨ, ਸਗੋਂ ਬਹੁਤ ਮਿਹਨਤੀ ਵੀ ਹਨ। ਸੈੱਟ ’ਤੇ ਹਰ ਕੋਈ ਪ੍ਰਸ਼ਾਂਤ ਨੂੰ ਮਿਲਣਾ ਚਾਹੁੰਦਾ ਹੈ, ਭਾਵੇਂ ਸ਼ੂਟਿੰਗ ਹੋਵੇ ਜਾਂ ਨਾ, ਸੈੱਟ ’ਤੇ ਅਤੇ ਬਾਹਰ ਦੋਵੇਂ ਜਗ੍ਹਾ ਇਹ ਮਜ਼ੇਦਾਰ ਹੈ। ਸ਼ਾਟ-ਮੇਕਿੰਗ, ਐਡੀਟਿੰਗ ਅਤੇ ਸਕ੍ਰੀਨਪਲੇਅ ਪ੍ਰਤੀ ਉਨ੍ਹਾਂ ਦਾ ਨਜ਼ਰੀਆ ਅਸਾਧਾਰਣ ਹੈ।



# ਹੋਲੀ ਦਾ ਤੋਹਫ਼ਾ

(ਸੁਰਜੀਤ ਤਲਵਾਰ)

-1-

ਮੈਕੂਲਾਲ ਅਮਰਕਾਂਤ ਦੇ ਘਰ ਸਤਰੰਜ ਖੇਡਣ ਆਏ, ਤਾਂ ਵੇਖਿਆ ਉਹ ਕਿਧਰੇ ਬਾਹਰ ਜਾਣ ਦੀ ਤਿਆਰੀ ਕਰ ਰਹੇ ਹਨ। ਪੁੱਛਿਆ-ਕਿਧਰੇ ਬਾਹਰ ਦੀ ਤਿਆਰੀ ਕਰ ਰਹੇ ਹੋ ਕੀ ਭਾਈ? ਫੁਰਸਤ ਹੋਵੇ ਤਾਂ, ਆਉ! ਅੱਜ ਦੋ ਚਾਰ ਬਾਜ਼ੀਆਂ ਹੋ ਜਾਣ।

ਅਮਰਕਾਂਤ ਨੇ ਸੰਦੂਕੜੀ ਵਿੱਚ ਸ਼ੀਸ਼ਾ-ਕੰਘੀ ਰੱਖਦੇ ਹੋਏ ਕਿਹਾ-ਨਹੀਂ ਭਾਈ, ਅੱਜ ਤਾਂ ਭੋਰਾ ਵੀ ਫ਼ੁਰਸਤ ਨਹੀਂ ਹੈ। ਕੱਲ ਨੂੰ ਸਹੁਰੀਂ ਜਾ ਰਿਹਾ ਹਾਂ। ਸਾਜੋ-ਸਾਮਾਨ ਠੀਕ ਕਰ ਰਿਹਾ ਹਾਂ।

ਮੈਕੂ-ਤਾਂ ਅੱਜ ਤੋਂ ਹੀ ਤਿਆਰੀ ਕਰਨ ਲੱਗੇ ਹੋ, ਆਹ ਤਾਂ ਖੜ੍ਹੇ ਹਨ ਤੇਰੇ ਸਹੁਰੇ। ਸ਼ਾਇਦ ਪਹਿਲੀ ਹੀ ਵਾਰ ਜਾ ਰਹੇ ਹੋ।

ਅਮਰ-ਹਾਂ, ਯਾਰ, ਅਜੇ ਤੱਕ ਇਹ ਵਾਰ ਵੀ ਨਹੀਂ ਗਿਆ। ਮੇਰੀ ਇੱਛਾ ਤਾਂ ਹਾਲੇ ਜਾਣ ਦੀ ਨਹੀਂ ਸੀ, ਪਰ ਸਹੁਰਾ ਸਾਹਿਬ ਜੀ ਬਹੁਤ ਜ਼ੋਰ ਪਾ ਰਹੇ ਹਨ।

ਮੈਕੂ- ਤਾਂ ਕੱਲ੍ਹ ਸ਼ਾਮ ਨੂੰ ਉੱਠਣਾ ਅਤੇ ਚੱਲ ਪੈਣਾ। ਅੱਧੇ ਘੰਟੇ ਵਿੱਚ ਜਾ ਅੱਪੜੋਂਗੇ।

ਅਮਰ-ਮੇਰੇ ਦਿਲ ਵਿੱਚ ਤਾਂ ਨਾ ਜਾਣੇ ਹੁਣੇ ਤੋਂ ਹੀ ਕਿਹੀ ਜਿਹੀ ਧੜਕਣ ਹੋ ਰਹੀ ਹੈ। ਹੁਣ ਤੱਕ ਤਾਂ ਕਲਪਨਾ ਵਿੱਚ ਪਤਨੀ ਮਿਲਾਪ ਦਾ ਆਨੰਦ ਮਾਣਦਾ ਸਾਂ, ਹੁਣ ਉਹ ਕਲਪਣਾ ਪ੍ਰਤੱਖ ਹੋਈ ਜਾਂਦੀ ਹੈ। ਕਲਪਨਾ ਸੁੰਦਰ ਹੁੰਦੀ ਹੈ, ਪ੍ਰਤੱਖ ਕੀ ਹੋਊਗਾ, ਕੌਣ ਜਾਣੇ।

ਮੈਕੂ-ਤਾਂ ਕੋਈ ਤੋਹਫ਼ਾ-ਸੌਗਾਤ ਲੈ ਲਈ ਹੈ? ਖਾਲੀ ਹੱਥ ਨਾ ਜਾਣਾ, ਨਹੀਂ ਮੂੰਹ ਹੀ ਸਿੱਧਾ ਨਹੀਂ ਹੋਵੇਗਾ।

ਅਮਰਕਾਂਤ ਨੇ ਕੋਈ ਤੋਹਫ਼ਾ ਤਾਂ ਨਹੀਂ ਲਿਆ ਸੀ। ਉਹ ਇਸ ਕਲਾ ਵਿੱਚ ਹਾਲਾਂ ਨਿਪੁੰਨ ਨਹੀਂ ਸਨ ਹੋਏ।

ਮੈਕੂ ਬੋਲਿਆ-ਤਾਂ ਹੁਣ ਲੈ ਲਵੋ ਭਾਈ। ਭਲੇਮਾਣਸਾ ਪਹਿਲੀ ਵਾਰ ਜਾ ਰਿਹਾ ਹੈਂ, ਭਲਾ ਮਨ ਵਿੱਚ ਕੀ ਸੋਚੇਗੀ?

ਅਮਰ-ਤਾਂ ਕਿਹੜੀ ਚੀਜ ਲੈ ਕੇ ਜਾਵਾਂ? ਮੈਨੂੰ ਤਾਂ ਇਸਦਾ ਖਿਆਲ ਹੀ ਨਹੀਂ ਆਇਆ, ਕੋਈ ਅਜਿਹੀ ਚੀਜ ਦੱਸੋ ਜਿਹੜੀ ਸਸਤੀ ਤੇ ਮਨਮੋਹਕ ਹੋਵੇ, ਕਿਉਂਕਿ ਘਰੇ ਵੀ ਪੈਸੇ ਭੇਜਣੇ ਹਨ, ਦਾਦਾ ਨੇ ਪੈਸੇ ਮੰਗੇ ਹਨ।

ਮੈਕੂ ਮਾਂ-ਬਾਪ ਤੋਂ ਅੱਡ ਰਹਿੰਦਾ ਸੀ। ਵਿਅੰਗ ਕੱਸਕੇ ਬੋਲਿਆ-ਜਦੋਂ ਦਾਦਾ ਨੇ ਰੁਪਏ ਮੰਗੇ ਹਨ, ਤਾਂ ਭਲਾ ਕਿਵੇਂ ਟਾਲ ਸਕਦੇ ਹੋ? ਦਾਦੇ ਦਾ ਰੁਪਏ ਮੰਗਣਾ ਕੋਈ ਮਾਮੂਲੀ ਗੱਲ ਤਾਂ ਹੈ ਨਹੀਂ।

ਅਮਰਕਾਂਤ ਨੇ ਵਿਅੰਗ ਨਾ ਸਮਝਦੇ ਕਿਹਾ-ਹਾਂ, ਏਸੇ ਕਰਕੇ ਮੈਂ ਤਾਂ ਹੋਲੀ ਦੇ ਲਈ ਕੱਪੜੇ ਵੀ ਨਹੀਂ ਬਣਵਾਏ। ਜੇਕਰ ਕੋਈ ਤੋਹਫ਼ਾ ਲੈ ਕੇ ਜਾਣਾ ਵੀ ਜ਼ਰੂਰੀ ਹੈ, ਤਾਂ ਕੁੱਝ ਨਾ ਕੁੱਝ ਤਾਂ ਲੈਣਾ ਹੀ ਪਵੇਗਾ। ਸਸਤੇ ਮੁੱਲ ਦੀ ਕੋਈ ਚੀਜ ਦੱਸੋ।

ਦੋਵਾਂ ਦੋਸਤਾਂ ਵਿੱਚ ਵਿਚਾਰ ਵਟਾਂਦਰਾ ਹੋਣ ਲੱਗਿਆ। ਵਿਸ਼ਾ ਬਹੁਤ ਹੀ ਮਹੱਤਵਪੂਰਣ ਸੀ। ਉਸਦੇ ਆਧਾਰ ਤੇ ਹੀ ਭਾਵੀ ਦੰਪਤੀ ਜੀਵਨ ਸੁੱਖਮਈ ਜਾਂ ਇਸਦੇ ਪ੍ਰਤੀਕੂਲ ਹੋ ਸਕਦਾ ਸੀ। ਪਹਿਲੇ ਦਿਨ ਜੇਕਰ ਬਿੱਲੀ ਨੂੰ ਮਾਰਨਾ ਜ਼ਿੰਦਗੀ ਤੇ ਸਥਾਈ ਪ੍ਰਭਾਵ ਪਾ ਸਕਦਾ ਹੈ, ਤਾਂ ਪਹਿਲਾ ਤੋਹਫਾਂ ਕੀ ਘੱਟ ਮਹੱਤਵ ਦਾ ਵਿਸ਼ਾ ਹੈ? ਦੇਰ ਤੱਕ ਬਹਿਸ ਹੁੰਦੀ ਰਹੀ, ਪਰ ਕੋਈ ਫ਼ੈਸਲਾ ਨਾ ਹੋ ਸਕਿਆ।

ਉਸੇ ਵਕਤ ਇੱਕ ਪਾਰਸੀ ਔਰਤ ਇੱਕ ਨਵੇਂ ਫ਼ੈਸ਼ਨ ਦੀ ਸਾੜੀ ਪਹਿਨੇ ਹੋਏ ਮੋਟਰ ਤੇ ਨਿੱਕਲ ਗਈ। ਮੈਕੂ ਲਾਲ ਨੇ ਕਿਹਾ-ਜੇ ਇਹੋ ਜਿਹੀ ਇੱਕ ਸਾੜੀ ਲੈ ਲਵੋਂ, ਤਾਂ ਉਹ ਜ਼ਰੂਰ ਖੁਸ਼ ਹੋ ਜਾਵੇਗੀ। ਕਿੰਨਾ ਸੂਫ਼ੀਆਨਾ ਰੰਗ ਹੈ ਅਤੇ ਕਿੰਨੀ ਨਿਰਾਲੀ। ਮੇਰੀਆਂ ਅੱਖਾਂ ਵਿੱਚ ਤਾਂ ਜਿਵੇਂ ਵਸ ਗਈ। ਹਾਸ਼ਿਮ ਦੀ ਦੁਕਾਨ ਤੋਂ ਲੈ ਲਵੋ। ਪੱਚੀ ਰੁਪੱਈਆਂ ਵਿੱਚ ਆ ਜਾਵੇਗੀ।

ਅਮਰਕਾਂਤ ਵੀ ਉਸ ਸਾੜੀ ਤੇ ਮੁਗਧ ਹੋ ਰਿਹਾ ਸੀ। ਬਹੂ ਇਹ ਸਾੜੀ ਵੇਖਕੇ ਕਿੰਨੀ ਪ੍ਰਸੰਨ ਹੋਵੇਗੀ ਅਤੇ ਉਸਦੇ ਗੋਰੇ ਰੰਗ ਤੇ ਇਹ ਕਿੰਨੀ ਖਿੜੇਗੀ, ਉਹ ਏਸ ਕਲਪਨਾ ਵਿੱਚ ਮਗਨ ਸੀ। ਬੋਲਿਆ ਹਾਂ ਯਾਰ, ਪਸੰਦ ਤਾਂ ਮੈਨੂੰ ਵੀ ਹੈ, ਪ੍ਰੰਤੂ ਹਾਸ਼ਿਮ ਦੀ ਦੁਕਾਨ ਤੇ ਪਿਕਟਿੰਗ ਰਹੀ ਹੈ।

"ਤਾਂ ਹੋਈ ਜਾਵੇ। ਖਰੀਦਣ ਵਾਲੇ ਖਰੀਦਦੇ ਹੀ ਹਨ। ਆਪਣੀ ਮਰਜੀ ਹੈ। ਜਿਹੜੀ ਚੀਜ ਚਾਹੁੰਦੇ ਹਨ, ਖਰੀਦਦੇ ਹਨ। ਕਿਸੇ ਦਾ ਕੋਈ ਧੱਕਾ ਹੈ?"

ਅਮਰਕਾਂਤ ਨੇ ਮਾਫ਼ੀ-ਨੁਮਾ ਭਾਵ ਵਿੱਚ ਕਿਹਾ-ਇਹ ਤਾਂ ਸੱਚ ਹੈ, ਪਰ ਮੇਰੇ ਲਈ ਸੱਤਿਆਗ੍ਰਹੀਆਂ ਦੇ ਵਿੱਚ ਦੀ ਦੁਕਾਨ ਅੰਦਰ ਜਾਣਾ ਸੰਭਵ ਨਹੀਂ ਹੈ। ਫੇਰ ਤਮਾਸ਼ਬੀਨਾਂ ਦੀ ਹਮੇਸ਼ਾ ਭੀੜ ਵੀ ਤਾਂ ਲੱਗੀ ਰਹਿੰਦੀ ਹੈ।

ਮੈਕੂ ਨੇ ਜਾਣੀ ਉਸਦੀ ਡਰਪੋਕਤਾ ਤੇ ਦਯਾ ਕਰਕੇ ਕਿਹਾ-ਤਾਂ ਪਿੱਛੇ ਵਾਲੇ ਦਰਵਾਜੇ 'ਚੋਂ ਚਲੇ ਜਾਣਾ। ਉਥੇ ਪਿਕਟਿੰਗ ਨਹੀਂ ਹੁੰਦੀ।

"ਕਿਸੇ ਦੇਸੀ ਦੁਕਾਨ ਤੋਂ ਨਾ ਮਿਲ ਜਾਊਗੀ?"

"ਹਾਸ਼ਿਮ ਦੀ ਦੁਕਾਨ ਦੇ ਸਿਵਾਏ ਹੋਰ ਕਿਤੋਂ ਵੀ ਨਹੀਂ ਮਿਲੂਗੀ।"

-2-

ਆਥਣ ਹੋ ਗਿਆ ਸੀ। ਅਮੀਨਾਬਾਦ ਵਿੱਚ ਆਕਰਸ਼ਣ ਦਾ ਉਦੈ ਹੋ ਰਿਹਾ ਸੀ। ਸੂਰਜ ਦੀ ਪ੍ਰਤਿੱਭਾ ਬਿਜ਼ਲੀ-ਪ੍ਰਕਾਸ਼ ਦੇ ਬੱਲਬਾਂ ਵਿੱਚ ਆਪਣੀ ਯਾਦ ਛੱਡ ਗਈ ਸੀ।

ਅਮਰਕਾਂਤ ਦੱਬੇ ਪੈਰੀਂ ਹਾਸ਼ਿਮ ਦੀ ਦੁਕਾਨ ਤੇ ਪਹੁਚਿਆ। ਸਵੈ-ਸੇਵਕਾਂ ਦਾ ਧਰਨਾ ਵੀ ਸੀ ਅਤੇ ਤਮਾਸ਼ਬੀਨਾਂ ਦੀ ਭੀੜ ਵੀ। ਉਸਨੇ ਦੋ-ਤਿੰਨ ਵਾਰ ਅੰਦਰ ਜਾਣ ਲਈ ਦਿਲ ਤਕੜਾ ਕੀਤਾ ਪਰ ਫੁੱਟਪਾਥ ਤੱਕ ਜਾਂਦੇ-ਜਾਂਦੇ ਹਿੰਮਤ ਨੇ ਜਵਾਬ ਦੇ ਦਿੱਤਾ।

ਪਰ ਸਾੜੀ ਲੈਣਾ ਜ਼ਰੂਰੀ ਸੀ। ਉਹ ਉਸਦੀਆਂ ਅੱਖਾਂ ਵਿੱਚ ਖੁੱਭ ਗਈ ਸੀ। ਉਹ ਉਸਨੂੰ ਖਰੀਦਣ ਦੇ ਲਈ ਪਾਗਲ ਹੋ ਰਿਹਾ ਸੀ।

ਆਖਿਰ ਉਸਨੇ ਪਿਛਵਾੜੇ ਦੇ ਬੂਹੇ ਰਾਹੀਂ ਜਾਣ ਦਾ ਨਿਸ਼ਚਾ ਕੀਤਾ। ਜਾਕੇ ਵੇਖਿਆ, ਹਾਲਾਂ ਤੱਕ ਉਥੇ ਕੋਈ ਵਲੰਟੀਅਰ ਨਹੀਂ ਸੀ। ਜਲਦੀ ਦੇ ਕੇ ਇੱਕ ਹੀ ਝਟਕੇ ਨਾਲ ਦੁਕਾਨ ਦੇ ਅੰਦਰ ਚਲਿਆ ਗਿਆ ਅਤੇ ਵੀਹ-ਪੱਚੀ ਮਿੰਟਾਂ ਵਿੱਚ ਉਸੇ ਦੇ ਨਮੂੰਨੇ ਦੀ ਇਕ ਸਾੜੀ ਲੈਕੇ ਫਿਰ ਉਸੇ ਬੂਹੇ ਤੇ ਆਇਆ, ਪਰ ਐਨੀ ਹੀ ਦੇਰ ਵਿੱਚ ਪਰਸਥਿਤੀ ਬਦਲ ਚੁੱਕੀ ਸੀ। ਤਿੰਨ ਸਵੈ ਸੇਵਕ ਆ ਪਹੁੰਚੇ ਸਨ। ਅਮਰਕਾਂਤ ਇੱਕ ਮਿੰਟ ਬੂਹੇ ਤੇ ਦੁਵਿੱਧਾ ਵਿੱਚ ਖੜ੍ਹਾ ਰਿਹਾ। ਫਿਰ ਤੀਰ ਦੀ ਤਰ੍ਹਾਂ ਨਿੱਕਲ ਭੱਜਿਆ ਅਤੇ ਅੰਧਾ-ਧੁੰਦ ਭੱਜਦਾ ਚਲਾ ਗਿਆ। ਬਦਕਿਸਮਤੀ ਦੀ ਗੱਲ! ਇੱਕ ਬੁੱਢੀ ਡੰਗੋਰੀ ਫੜੀ ਚੱਲੀ ਆ ਰਹੀ ਸੀ। ਅਮਰਕਾਂਤ ਉਸ ਨਾਲ ਟਕਰਾ ਗਿਆ। ਬੁੱਢੀ ਡਿੱਗ ਪਈ ਅਤੇ ਲੱਗੀ ਗਾਹਲਾਂ ਕੱਢਣ-ਅੱਖਾਂ ਵਿੱਚ ਚਰਬੀ ਭਰ ਗਈ ਹੈ ਕੀ? ਵੇਖਕੇ ਨਹੀਂ ਚੱਲ ਸਕਦੇ? ਇਹ ਜ਼ਵਾਨੀ ਢੱਲ ਜਾਵੇਗੀ ਇੱਕ ਦਿਨ।

ਅਮਰਕਾਂਤ ਦੇ ਕਦਮ ਅੱਗੇ ਨਾ ਜਾ ਸਕੇ। ਬੁੱਢੀ ਨੂੰ ਉਠਾਇਆ ਅਤੇ ਉਸ ਕੋਲੋਂ ਮਾਫ਼ੀ ਮੰਗ ਰਹੇ ਸਨ ਕਿ ਤਿੰਨੋ ਸਵੈ-ਸੇਵਕਾਂ ਨੇ ਪਿੱਛੋਂ ਆਕੇ ਉਸਨੂੰ ਘੇਰ ਲਿਆ। ਇੱਕ ਸਵੈ ਸੇਵਕ ਨੇ ਸਾੜੀ ਦੇ ਪੈਕੇਟ ਤੇ ਹੱਥ ਰੱਖਦਿਆਂ ਕਿਹਾ-ਵਲਾਇਤੀ ਕੱਪੜਾ ਲਿਜਾਣ ਦਾ ਹੁਕਮ ਨਹੀਂ ਹੈ। ਨਾ, ਵਲਾਇਤੀ ਹੈ ਤਾਂ ਸੁਣਵਾਈ ਨਹੀਂ ਹੈ। ਦੂਜਾ ਬੋਲਿਆ-ਤੁਸੀਂ ਤਾਂ ਇੰਝ ਭੱਜੇ, ਜਿਵੇਂ ਕੋਈ ਚੋਰ ਭੱਜੇ।

ਤੀਜਾ-ਹਜ਼ਾਰਾਂ ਨੂੰ ਸਾਨੂੰ ਫੜ੍ਹ ਫੜ੍ਹਕੇ ਜੇਹਲ ਵਿੱਚ ਠੂਸਿਆ ਜਾਂਦਾ ਹੈ। ਦੇਸ਼ ਵਿੱਚ ਅੱਗ ਲੱਗੀ ਹੈ ਅਤੇ ਇਹਨਾਂ ਦਾ ਮਨ ਵਲਾਇਤੀ ਮਾਲ ਨਾਲ ਨਹੀਂ ਭਰਿਆ। ਅਮਰਕਾਂਤ ਨੇ ਪੈਕੇਟ ਨੂੰ ਦੋਵਾਂ ਹੱਥਾਂ ਵਿੱਚ ਘੁੱਟਕੇ ਫੜਦਿਆਂ ਕਿਹਾ-ਤੁਸੀਂ ਮੈਨੂੰ ਜਾਣ ਦੇਵੋਂਗੇ ਜਾਂ ਨਹੀ?

ਪਹਿਲੇ ਸਵੈ ਨੇ ਸੇਵਕ ਪੈਕੇਟ ਵੱਲੀਂ ਹੱਥ ਵਧਾਉਂਦੇ ਹੋਏ ਕਿਹਾ-ਜਾਹ, ਕਸਮ ਦੇਵੀਂ। ਵਲਾਇਤੀ ਕੱਪੜਾ ਲੈ ਕੇ ਤੂੰ ਇੱਥੋਂ ਕਦੇ ਵੀ ਨਹੀਂ ਜਾ ਸਕਦਾ ਹੈਂ।

ਅਮਰਕਾਂਤ ਨੇ ਪੈਕੇਟ ਨੂੰ ਝਟਕੇ ਨਾਲ ਛੁਡਾਕੇ ਆਖਿਆ-ਤੁਸੀਂ ਮੈਨੂੰ ਹਰਗਿਜ ਨਹੀਂ ਰੋਕ ਸਕਦੇ।

ਉਸ ਨੇ ਅੱਗੇ ਕਦਮ ਵਧਾਇਆ ਪਰ ਦੋ ਸਵੈ-ਸੇਵਕ ਤੁਰੰਤ ਉਸਦੇ ਸਾਹਮਣੇ ਲੇਟ ਗਏ, ਹੁਣ ਬੇਚਾਰ ਬਹੁਤ ਮੁਸ਼ਕਲ ਵਿੱਚ ਫਸ ਗਿਆ। ਜਿਸ ਬਿਪਤਾ ਤੋਂ ਬਚਣਾ ਚਾਹੁੰਦੇ ਸਨ ਉਹ ਖਾਹਮਖਾਹ ਗਲੇ ਵਿੱਚ ਪੈ ਗਈ। ਇੱਕ ਮਿੰਟ ਵਿੱਚ ਵੀਹਾਂ ਆਦਮੀ ਇਕੱਠੇ ਹੋ ਗਏ। ਚਾਰੇ ਪਾਸਿਆਂ ਤੋਂ ਉਸ ਉਪਰ ਟਿੱਪਣੀਆਂ ਹੋਣ ਲੱਗੀਆਂ।

"ਕੋਈ ਜੈਂਟਲਮੈਨ ਵਿਖਾਈ ਦਿੰਦਾ ਹੈ।"

"ਇਹ ਕੋਈ ਆਪਣੇ-ਆਪਨੂੰ ਪੜ੍ਹੇ-ਲਿਖੇ ਆਖਦੇ ਹਨ, ਛੀ! ਇਸ ਗੱਲ ਬਾਰੇ ਹਰ ਰੋਜ਼ ਦਸ-ਪੰਜ ਆਦਮੀ ਗ੍ਰਿਫਤਾਰ ਹੁੰਦੇ ਹਨ। ਪਰ ਤੁਹਾਨੂੰ ਇਸਦੀ ਕੀ ਪ੍ਰਵਾਹ!

"ਕਪੜਾ ਖੋਹ ਲਵੋ, ਤੇ ਆਖ ਦੇਵੋ ਪੁਲਸ ਵਿੱਚ ਜਾਕੇ ਰਪਟ ਲਿਖਵਾਏ।"

ਬੇਚਾਰਾ ਬੇੜੀਆਂ-ਜਿਹੀਆਂ ਪਹਿਨੀ ਖੜ੍ਹਾ ਸੀ। ਕਿਵੇਂ ਖਹਿੜਾ ਛੁੱਟੇ, ਇਸਦਾ ਕੋਈ ਤਰੀਕਾ ਨਹੀਂ ਸੀ ਸੁੱਝ ਰਿਹਾ। ਮੈਕੂਲਾਲ ਤੇ ਗੁੱਸਾ ਆ ਰਿਹਾ ਸੀ ਕਿ ਉਸਨੇ ਹੀ ਇਹ ਬਿਮਾਰੀ ਉਸਦੇ ਸਿਰ ਮੜੀ। ਉਸਨੂੰ ਤਾਂ ਕਿਸੇ ਤੋਹਫ਼ੇ ਦੀ ਫ਼ਿਕਰ ਨਹੀਂ ਸੀ। ਆਏ, ਉਥੋਂ ਜਾਕੇ ਕੋਈ ਤੋਹਫ਼ਾ ਲੈ ਲਵੋ।

ਕੁੱਝ ਦੇਰ ਤੱਕ ਲੋਕ ਟਿੱਪਣੀਆਂ ਹੀ ਕਰਦੇ ਰਹੇ, ਫ਼ਿਰ ਖੋਹ-ਖਿੰਝ ਸ਼ੁਰੂ ਹੋ ਗਈ। ਕਿਸੇ ਨੇ ਸਿਰ ਦੀ ਟੋਪੀ ਲਾਹ ਲਈ। ਉਸਦੇ ਵੱਲੀਂ ਝਪਟੇ ਤਾਂ ਇੱਕ ਨੇ ਸਾੜੀ ਵਾਲਾ ਪੈਕੇਟ ਹੱਥਾਂ ਵਿੱਚੋਂ ਖੋਹ ਲਿਆ। ਫਿਰ ਇਹ ਸਾਰਾ ਸਾਮਾਨ ਹੱਥੋਂ ਹੱਥੀਂ ਗਾਇਬ ਹੋ ਗਿਆ।

ਅਮਰਕਾਂਤ ਨੇ ਵਿਗੜਕੇ ਆਖਿਆ ਮੈਂ ਜਾਕੇ ਪੁਲਸ ਕੋਲ ਇਤਲਾਹ ਕਰਦਾ ਹਾਂ। ਇੱਕ ਆਦਮੀ ਨੇ ਕਿਹਾ-ਹਾਂ, ਹਾਂ, ਜ਼ਰੂਰ ਜਾਵੋ, ਅਤੇ ਸਾਨੂੰ ਸਾਰਿਆਂ ਨੂੰ ਫ਼ਾਂਸੀ ਚੜ੍ਹਵਾ ਦੇਵੋ।

ਅਚਨਚੇਤ ਇੱਕ ਮੁਟਿਆਰ ਖੱਦਰ ਦੀ ਸਾੜੀ ਪਹਿਨੇ ਇੱਕ ਥੈਲਾ ਲਈ ਆ ਗਈ। ਉਥੇ ਇਹ ਹੁੜਦੰਗ ਵੇਖਕੇ ਬੋਲੀ-ਕੀ ਮਾਮਲਾ ਹੈ? ਗੱਲ ਕੀ ਐ? ਤੁਸੀਂ ਕਿਉਂ ਇੱਕ ਭਲੇ ਪੁਰਸ਼ ਨੂੰ ਪ੍ਰੇਸ਼ਾਨ ਕਰ ਰਹੇ ਹੋ?

ਅਮਰਕਾਂਤ ਦੀ ਜਾਨ ਵਿੱਚ ਜਾਨ ਆਈ। ਉਸਦੇ ਕੋਲੇ ਜਾਕੇ ਫ਼ਰਿਆਦ ਕਰਨ ਲੱਗੇ-ਇਹ ਲੋਕ ਮੇਰੇ ਕੱਪੜੇ ਖੋਹਕੇ ਭੱਜ ਗਏ ਹਨ ਅਤੇ ਉਹਨਾਂ ਨੂੰ ਗਾਇਬ ਕਰ ਦਿੱਤਾ ਹੈ। ਮੈਂ ਇਸਨੂੰ ਡਾਕਾ ਆਖਦਾ ਹਾਂ। ਇਹ ਚੋਰੀ ਹੈ। ਇਸਨੂੰ ਨਾ ਮੈਂ ਸੱਤਿਆਗ੍ਰਹਿ ਆਖਦਾ ਹਾਂ ਤੇ ਨਾ ਹੀ ਦੇਸ਼ ਪ੍ਰੇਮ।

ਮੁਟਿਆਰ ਨੇ ਦਿਲਾਸਾ ਦਿਵਾਇਆ ਘਬਰਾਉ ਨਹੀਂ। ਤੁਹਾਡੇ ਕੱਪੜੇ ਮਿਲ ਜਾਣਗੇ। ਹੋਣਗੇ ਤਾਂ ਇਹਨਾਂ ਲੋਕਾਂ ਕੋਲੇ ਹੀ। ਕਿਹੜੇ ਕੱਪੜੇ ਸਨ?

ਇੱਕ ਸਵੈ ਸੇਵਕ ਬੋਲਿਆ ਭੈਣ ਜੀ, ਇਹਨਾਂ ਨੇ ਹਾਸ਼ਿਮ ਦੀ ਦੁਕਾਨ ਤੋਂ ਕੱਪੜੇ ਲਏ ਹਨ।

ਮੁਟਿਆਰ ਕਿਸੇ ਦੀ ਵੀ ਦੁਕਾਨ ਤੋਂ ਲਏ ਹੋਣ, ਤੁਹਾਨੂੰ ਇਹਨਾਂ ਦੇ ਹੱਥੋਂ ਕੱਪੜੇ ਖੋਹਣ ਦਾ ਕੋਈ ਅਧਿਕਾਰ ਨਹੀਂ ਹੈ ਇਹਨਾਂ ਦੇ ਕੱਪੜੇ ਵਾਪਸ ਮੋੜ ਦੇਵੋ। ਕਿਸਦੇ ਕੋਲੇ ਹਨ? ਅੱਖ ਝਪਕਦਿਆਂ ਅਮਰਕਾਂਤ ਦੀ ਸਾੜੀ ਜਿਵੇਂ ਹੱਥੋਂ ਹੱਥ ਗਈ ਸੀ ਉਵੇਂ ਹੀ ਹੱਥੋ ਹੱਥ ਵਾਪਸ ਮੁੜ ਆਈ। ਥੋੜੀ ਦੇਰ ਬਾਅਦ ਭੀੜ ਖਿੰਡ ਪੁੰਡ ਗਈ। ਸਵੈ ਸੇਵਕ ਵੀ ਚਲੇ ਗਏ। ਅਮਰਕਾਂਤ ਨੇ ਮੁਟਿਆਰ ਨੂੰ ਧੰਨਵਾਦ ਦਿੰਦੇ ਹੋਏ ਕਿਹਾ-ਤੁਸੀਂ ਇਸ ਸਮੇਂ ਨਾ ਆਈ ਹੁੰਦੀ ਤਾਂ ਇਹਨਾਂ ਲੋਕਾਂ ਨੇ ਧੋਤੀ ਤਾਂ ਗਾਇਬ ਕਰ ਹੀ ਦਿੱਤੀ ਸੀ, ਸ਼ਾਇਦ ਮੇਰੀ ਖ਼ਬਰ ਵੀ ਲੈਂਦੇ।

ਮੁਟਿਆਰ ਨੇ ਸਰਲ ਹਮਦਰਦੀ ਦੇ ਭਾਵ ਨਾਲ ਕਿਹਾ-ਜਨ-ਸੰਪਤੀ (ਸਰਵਜਨਕ ਸੰਪਤੀ) ਦਾ ਲਿਹਾਜ ਤਾਂ ਹਰੇਕ ਨੂੰ ਕਰਨਾ ਪੈਂਦਾ ਹੈ, ਪਰ ਤੁਸੀਂ ਇਸ ਦੁਕਾਨ ਤੋਂ ਕੱਪੜੇ ਲਏ ਹੀ ਕਿਉਂ? ਜਦੋਂ ਵੇਖ ਰਹੇ ਹੋ ਉਥੇ ਸਾਡੇ ਤੇ ਕਿੰਨਾ ਅੱਤਿਆਚਾਰ ਹੋ ਰਿਹਾ ਹੈ, ਫੇਰ ਵੀ ਤੁਸੀਂ ਨਾ ਮੰਨੇ। ਜਿਹੜੇ ਲੋਕ ਸਮਝਕੇ ਵੀ ਨਹੀਂ ਸਮਝਦੇ ਉਹਨਾਂ ਨੂੰ ਕਿਵੇਂ ਕੋਈ ਸਮਝਾਏ?

ਅਮਰਕਾਂਤ ਇਸ ਸਮੇਂ ਸ਼ਰਮਿੰਦਾ ਹੋ ਗਏ। ਆਪਣੇ ਮਿੱਤਰਾਂ ਵਿੱਚ ਬੈਠਕੇ ਜਿਹੜੇ ਮਨ-ਮਰਜੀ ਦਾ ਰਾਗ ਅਲਾਪਿਆ ਕਰਦੇ ਸਨ, ਉਹ ਭੁੱਲ ਗਏ। ਬੋਲੇ-ਮੈਂ ਆਪਣੇ ਲਈ ਨਹੀਂ ਖਰੀਦੇ ਹਨ। ਇੱਕ ਔਰਤ ਦੀ ਫ਼ਰਮਾਇਸ ਸੀ। ਇਸ ਲਈ ਮਜ਼ਬੂਰ ਸਾਂ।

"ਉਸ ਔਰਤ ਨੂੰ ਤਾਂ ਤੁਸੀਂ ਸਮਝਾਇਆ ਨਹੀਂ?"

"ਤੁਸੀਂ ਸਮਝਾਉਂਦੇ, ਤਾਂ ਸ਼ਾਇਦ ਸਮਝ ਜਾਂਦੀ, ਮੇਰੇ ਸਮਝਾਉਣ ਤੇ ਤਾਂ ਨਾ ਸਮਝੀ।"

"ਕਦੇ ਮੌਕਾ ਮਿਲਿਆ ਤਾਂ ਜ਼ਰੂਰ ਸਮਝਾਉਣ ਦੀ ਕੋਸ਼ਿਸ਼ ਕਰੂੰਗੀ। ਮਰਦਾਂ ਦੀ ਨਕੇਲ ਔਰਤਾਂ ਦੇ ਹੱਥ ਵਿੱਚ ਹੈ। ਤੁਸੀਂ ਕਿਸੇ ਮੁਹੱਲੇ ਵਿੱਚ ਰਹਿੰਦੇ ਹੋ?"

"ਸੁਆਦਤ ਗੰਜ ਵਿੱਚ।"

"ਸ਼ੁੱਭ ਨਾਮ?"

"ਅਮਰਕਾਂਤ।"

ਮੁਟਿਆਰ ਨੇ ਫ਼ੌਰਨ ਥੋੜਾ ਜਿਹਾ ਘੁੰਡ ਕੱਢ ਲਿਆ। ਸਿਰ ਝੁਕਾਕੇ ਸੰਕੋਚ ਅਤੇ ਸਨੇਹ ਦੇ ਨਾਲ ਥਿਰਕਦੀ ਆਵਾਜ਼ ਵਿੱਚ ਬੋਲੀ ਤੁਹਾਡੀ ਪਤਨੀ ਤਾਂ ਤੁਹਾਡੇ ਘਰ ਵਿੱਚ ਨਹੀਂ ਹੈ, ਉਸਨੇ ਫ਼ਰਮਾਇਸ ਕਿਵੇਂ ਕੀਤੀ?"

ਅਮਰਕਾਂਤ ਨੇ ਹੈਰਾਨ ਹੋਕੇ ਪੁੱਛਿਆ-

ਤੁਸੀਂ ਕਿਸ ਮੁਹੱਲੇ ਵਿੱਚ ਰਹਿੰਦੇ ਹੋ?"

"ਘਸਿਆਰੀ ਮੰਡੀ।"

"ਤੁਹਾਡਾ ਨਾਮ ਸੁਖਦਾ ਦੇਵੀ ਤਾਂ ਨਹੀਂ ਹੈ?"

"ਹੋ ਸਕਦਾ ਹੈ, ਇਸ ਨਾਮ ਦੀਆਂ ਕਈ ਔਰਤਾਂ ਹਨ।"

"ਤੁਹਾਡੇ ਪਿਤਾ ਜੀ ਦਾ ਨਾਮ ਜਵਾਲਾ ਦੱਤ ਜੀ ਹੈ?"

"ਉਸ ਨਾਮ ਦੇ ਵੀ ਕਈ ਵਿਅਕਤੀ ਹੋ ਸਕਦੇ ਹਨ।"

ਅਮਰਕਾਂਤ ਨੇ ਜ਼ੇਬ ਵਿੱਚੋਂ ਤੀਲਾਂ ਵਾਲੀ ਡੱਬੀ ਕੱਢੀ ਅਤੇ ਉਥੇ ਹੀ ਸੁਖਦਾ ਦੇ ਸਾਹਮਣੇ ਉਸ ਸਾੜੀ ਨੂੰ ਸਾੜ ਦਿੱਤਾ।

ਸੁਖਦੇ ਨੇ ਕਿਹਾ-ਤੁਸੀਂ ਕੱਲ੍ਹ ਨੂੰ ਆਵੋਂਗੇ?

ਅਮਰਕਾਂਤ ਨੇ ਰੁਕੇ ਹੋਏ ਗਲੇ ਤੋਂ ਕਿਹਾ-ਨਹੀਂ ਸੁਖਦਾ, ਹੁਣ ਜਦੋਂ ਤੱਕ ਇਸਦਾ ਪਛਤਾਵਾ ਨਹੀਂ ਕਰ ਲੈਂਦਾ, ਨਹੀਂ ਆਊਂਗਾ।

ਸੁਖਦਾ ਕੁੱਝ ਹੋਰ ਕਹਿਣ ਵਾਲੀ ਸੀ ਕਿ ਅਮਰਕਾਂਤ ਤੇਜ਼ੀ ਨਾਲ ਕਦਮ ਵਧਾਕੇ ਦੂਜੇ ਪਾਸੇ ਨੂੰ ਚਲਾ ਗਿਆ।

-3-

ਅੱਜ ਹੋਲੀ ਹੈ। ਪਰ ਆਜ਼ਾਦੀ ਦੇ ਮਤਵਾਲਿਆਂ ਲਈ ਨਾ ਹੋਲੀ ਹੈ, ਨਾ ਬਸੰਤ,

ਹਾਸ਼ਿਮ ਦੀ ਦੁਕਾਨ ਤੇ ਅੱਜ ਵੀ ਪਿਕਟਿੰਗ ਹੋ ਰਹੀ ਹੈ ਅਤੇ ਤਮਾਸ਼ਬੀਨ ਅੱਜ ਵੀ ਮੌਜੂਦ ਹਨ। ਅੱਜ ਤੋਂ ਸਵੈ-ਸੇਵਕਾਂ ਵਿੱਚ ਅਮਰਕਾਂਤ ਵੀ ਖੜ੍ਹੇ ਪਿਕਟਿੰਗ ਕਰ ਰਹੇ ਹਨ। ਉਹਨਾਂ ਖੱਦਰ ਦਾ ਕੁੜਤਾ ਅਤੇ ਖੱਦਰ ਦੀ ਧੋਤੀ ਪਹਿਨੀ ਹੋਈ ਹੈ। ਹੱਥ ਵਿੱਚ ਤਿਰੰਗਾ ਝੰਡਾ ਫ਼ੜਿਆ ਹੋਇਆ ਹੈ।

ਇੱਕ ਸਵੈ-ਸੇਵਕ ਨੇ ਕਿਹਾ-ਇੱਜ਼ਤਦਾਰਾਂ ਨੂੰ ਇਉਂ ਗੱਲ ਲੱਗ ਜਾਂਦੀ ਹੈ। ਕੱਲ੍ਹ ਤੁਸੀਂ ਕੀ ਸੀ, ਅੱਜ ਕੀ ਹੋ। ਸੁਖਦਾ ਦੇਵੀ ਨਾ ਆ ਜਾਂਦੀ ਤਾਂ ਬਹੁਤ ਮੁਸ਼ਕਲ ਹੁੰਦੀ। ਅਮਰ ਨੇ ਕਿਹਾ-ਮੈਂ ਉਸਦੇ ਲਈ ਤੁਹਾਡਾ ਸਾਰਿਆਂ ਦਾ ਧੰਨਵਾਦ ਕਰਦੇ ਹਾਂ। ਨਹੀਂ ਮੈਂ ਅੱਜ ਏਥੇ ਨਾ ਹੁੰਦਾ।

"ਅੱਜ ਤੁਹਾਨੂੰ ਨਹੀਂ ਆਉਣਾ ਚਾਹੀਦਾ ਸੀ, ਸੁਖਦਾ ਭੈਣ ਤਾਂ ਆਖਦੀ ਸੀ ਕਿ ਮੈਂ ਅੱਜ ਉਹਨਾਂ ਨੂੰ ਨਹੀਂ ਜਾਣ ਦੇਵਾਂਗੀ।"

ਕੱਲ੍ਹ ਦੇ ਅਪਮਾਨ ਦੇ ਬਾਅਦ ਮੈਂ ਉਸਨੂੰ ਮੂੰਹ ਵਿਖਾਉਣ ਦੇ ਕਾਬਿਲ ਨਹੀਂ ਹਾਂ। ਜਦੋਂ ਉਹ ਇੱਕ ਔਰਤ ਹੁੰਦਿਆਂ ਐਨਾ ਕੁੱਝ ਕਰ ਸਕਦੀ ਹੈ, ਤਾਂ ਅਸੀਂ ਤਾਂ ਹਰ ਕਿਸਮ ਦੇ ਕਸ਼ਟ ਉਠਾਉਣ ਲਈ ਬਣੇ ਹਾਂ। ਖਾਸ ਕਰਕੇ ਜਦੋਂ ਬਾਲ-ਬੱਚਿਆਂ ਦਾ ਬੋਝ ਸਿਰ ਤੇ ਨਹੀਂ ਹੈ।"

ਉਸੇ ਵਕਤ ਪੁਲਸ ਦੀ ਗੱਡੀ ਆਈ। ਇੱਕ ਸਬ-ਇਨਸਪੈਕਟਰ ਉੱਤਰਿਆ ਅਤੇ ਸਵੈ ਸੇਵਕਾਂ ਦੇ ਨੇੜੇ ਆਕੇ ਬੋਲਿਆ-ਮੈਂ ਤੁਹਾਨੂੰ ਸੱਭ ਨੂੰ ਗ੍ਰਿਫ਼ਤਾਰ ਕਰਦਾ ਹਾਂ। "ਬੰਦੇ ਮਾਤਰਮ" ਦੀ ਧੁਨੀ ਗੂੰਜ਼ੀ। ਤਮਾਸ਼ਬੀਨਾਂ ਵਿੱਚ ਕੁੱਝ ਹੱਲਚਲ ਹੋਈ। ਲੋਕ ਦੋ-ਦੋ ਕਦਮ ਅੱਗੇ ਵਧ ਗਏ। ਸਵੈ-ਸੇਵਕਾਂ ਨੇ ਦਰਸ਼ਕਾਂ ਨੂੰ ਪ੍ਰਣਾਮ ਕੀਤਾ ਅਤੇ ਹੱਸਦੇ-ਮੁਸਕਰਾਉਂਦੇ ਲਾਰੀ ਵਿੱਚ ਬੈਠ ਗਏ। ਅਮਰਕਾਂਤ ਸੱਭ ਤੋਂ ਮੂਹਰੇ ਸਨ। ਲਾਰੀ ਚੱਲਣ ਹੀ ਵਾਲੀ ਸੀ ਕਿ ਸੁਖਦਾ ਕਿਸੇ ਪਾਸਿਉਂ ਭੱਜੀ-ਭੱਜੀ ਆਈ, ਉਸਦੇ ਹੱਥਾਂ ਵਿੱਚ ਇੱਕ ਫੁੱਲਾਂ ਦੀ ਮਾਲ਼ਾ ਸੀ, ਲਾਰੀ ਦੀ ਤਾਕੀ ਖੁੱਲ੍ਹੀ ਸੀ। ਉਸਨੇ ਉਪਰ ਚੜ੍ਹਕੇ ਉਹ ਅਮਰਕਾਂਤ ਦੇ ਗਲ਼ੇ ਵਿੱਚ ਪਾ ਦਿੱਤੀ। ਅੱਖਾਂ ਵਿੱਚੋਂ ਸਨੇਹ ਅਤੇ ਮਾਣ ਦੀਆਂ ਦੋ ਬੂੰਦਾਂ ਟਪਕ ਗਈਆਂ। ਲਾਰੀ ਚਲੀ ਗਈ ਏਥੇ ਹੋਲੀ ਸੀ, ਇਹ ਹੀ ਹੋਲੀ ਦਾ ਆਨੰਦ ਮਿਲਾਪ ਸੀ।

ਉਸੇ ਵਕਤ ਸੁਖਦਾ ਦੁਕਾਨ ਤੇ ਖੜ੍ਹੀ ਹੋ ਕੇ ਬੋਲੀ-ਵਲਾਇਤੀ ਕੱਪੜੇ ਖਰੀਦਣਾ ਅਤੇ ਪਹਿਨਣਾ ਦੇਸ਼ ਧਰੋਹ ਹੈ।




# ਦੇਸ਼ਧ੍ਰੋਹ ਦੇ ਮਾਮਲੇ ‘ਚ ਅਦਾਲਤ ਨੇ ਬਰੀ ਕੀਤਾ ਜਗਤਾਰ ਸਿੰਘ ਹਵਾਰਾ



ਜਗਤਾਰ ਸਿੰਘ ਹਵਾਰਾ ਨਾਲ ਜੁੜੀ ਵੱਡੀ ਖ਼ਬਰ ਸਾਹਮਣੇ ਆ ਰਹੀ ਹੈ। ਇੱਕ ਹੋਰ ਕੇਸ ਚੋਂ ਹਵਾਰਾ ਨੂੰ ਬਰੀ ਕਰ ਦਿੱਤਾ ਗਿਆ ਹੈ। ਦਰਅਸਲ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਮਾਮਲੇ ‘ਚ ਜੇਲ੍ਹ ‘ਚ ਬੰਦ ਜਗਤਾਰ ਸਿੰਘ ਹਵਾਰਾ ਖ਼ਿਲਾਫ਼ ਦੇਸ਼ਧ੍ਰੋਹ ਦੇ ਕੇਸ ਦੀ ਸੁਣਵਾਈ ਵੀਰਵਾਰ ਨੂੰ ਵਧੀਕ ਸੈਸ਼ਨ ਜੱਜ ਦੀ ਅਦਾਲਤ ਵਿੱਚ ਹੋਈ। ਅਦਾਲਤ ਵਿੱਚ ਬਹਿਸ ਪੂਰੀ ਹੋਣ ਤੋਂ ਬਾਅਦ ਜਗਤਾਰ ਸਿੰਘ ਹਵਾਰਾ ਨੂੰ ਸਬੂਤਾਂ ਦੀ ਘਾਟ ਕਾਰਨ ਬਰੀ ਕਰ ਦਿੱਤਾ ਗਿਆ। ਜਗਤਾਰ ਹਵਾਰਾ ਦੇ ਵਕੀਲ ਜਸਪਾਲ ਸਿੰਘ ਮੰਜਪੁਰ ਨੇ ਦੱਸਿਆ ਕਿ ਮਾਮਲਾ 1998 ਦਾ ਹੈ। ਜਗਤਾਰ ਸਿੰਘ ਹਵਾਰਾ ‘ਤੇ ਸੋਹਾਣਾ ਥਾਣੇ ‘ਚ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਸੀ। ਦੱਸ ਦਈਏ ਕਿ ਜਗਤਾਰ ਸਿੰਘ ਹਵਾਰਾ 27 ਸਾਲਾਂ ਤੋਂ ਜੇਲ੍ਹ ਵਿਚ ਬੰਦ ਹਨ।

# ਪੰਜਾਬ ‘ਚ ਠੰਡ ਨਾਲ ਕੰਬਦੇ ਸਕੂਲਾਂ ’ਚ ਪਹੁੰਚ ਰਹੇ ਵਿਦਿਆਰਥੀ

ਅੰਮ੍ਰਿਤਸਰ - ਜ਼ਿਲ੍ਹੇ ਵਿਚ ਚੱਲ ਰਹੀ ਸੀਤ ਲਹਿਰ ਨੇ ਜਨਜੀਵਨ ਪ੍ਰਭਾਵਿਤ ਕਰ ਦਿੱਤਾ ਹੈ। ਜਿੱਥੇ ਵਿਦਿਆਰਥੀ ਕੜਾਕੇ ਦੀ ਠੰਡ ਵਿਚ ਕੰਬਦੇ ਹੋਏ ਸਕੂਲ ਪਹੁੰਚ ਰਹੇ ਹਨ, ਉੱਥੇ ਹੀ ਪੰਜਾਬ ‘ਚ ਦਿਨੋਂ-ਦਿਨ ਤਾਪਮਾਨ ‘ਚ ਆ ਰਹੀ ਗਿਰਾਵਟ ਦੇ ਮੱਦੇਨਜ਼ਰ ਵੱਡੀ ਗਿਣਤੀ ਵਿਚ ਬੱਚੇ ਅਤੇ ਬਜ਼ੁਰਗ ਬੀਮਾਰ ਹੋ ਰਹੇ ਹਨ। ਸਿਹਤ ਵਿਭਾਗ ਨੇ ਸੀਤ ਲਹਿਰ ਦੇ ਮੱਦੇਨਜ਼ਰ ਐਡਵਾਈਜ਼ਰੀ ਜਾਰੀ ਕਰ ਦਿੱਤੀ ਹੈ। ਮੌਸਮ ਵਿਭਾਗ ਮੁਤਾਬਕ ਐਤਵਾਰ ਤੱਕ ਧੁੰਦ ਅਤੇ ਠੰਡ ਦਾ ਅਲਰਟ ਜਾਰੀ ਕੀਤਾ ਗਿਆ ਹੈ। ਫਿਲਹਾਲ ਮੌਸਮ ਖੁਸ਼ਕ ਰਹੇਗਾ ਅਤੇ ਮੀਂਹ ਦੀ ਕੋਈ ਸੰਭਾਵਨਾ ਨਹੀਂ ਹੈ। ਅਧਿਆਪਕ ਜਥੇਬੰਦੀਆਂ ਨੇ ਵੀ ਠੰਡ ਦੇ ਮੱਦੇਨਜ਼ਰ ਸਰਕਾਰ ਤੋਂ ਹੋਰ ਛੁੱਟੀਆਂ ਦੀ ਮੰਗ ਕੀਤੀ ਹੈ।

ਜਾਣਕਾਰੀ ਮੁਤਾਬਕ ਅੰਮ੍ਰਿਤਸਰ ਜ਼ਿਲ੍ਹੇ ਵਿਚ ਪਿਛਲੇ ਕੁਝ ਦਿਨਾਂ ਤੋਂ ਠੰਡ ਦਾ ਕਹਿਰ ਜਾਰੀ ਹੈ। ਠੰਡ ਕਾਰਨ ਜ਼ਿਆਦਾਤਰ ਲੋਕ ਘਰਾਂ ਵਿਚ ਹੀ ਰਹਿਣ ਲਈ ਮਜ਼ਬੂਰ ਹਨ। ਕੜਾਕੇ ਦੀ ਠੰਡ ਦੇ ਬਾਵਜੂਦ ਪੰਜਾਬ ਸਰਕਾਰ ਨੇ ਛੁੱਟੀਆਂ ਦੀ ਬਜਾਏ ਸਕੂਲਾਂ ਦਾ ਸਮਾਂ ਬਦਲ ਦਿੱਤਾ ਹੈ ਪਰ ਠੰਡ ਕਾਰਨ ਵਿਦਿਆਰਥੀ ਅਜੇ ਵੀ ਕੰਬਦੇ ਹੋਏ ਸਕੂਲਾਂ ਵਿਚ ਪਹੁੰਚ ਰਹੇ ਹਨ। ਅਧਿਆਪਕ ਠੰਡ ਤੋਂ ਬਚਣ ਲਈ ਗਰਮ ਗਰਮ ਚਾਹ ਦੀਆਂ ਚੁਸਕੀਆਂ ਲੈ ਰਹੇ ਹਨ, ਜਦੋਂਕਿ ਵਿਦਿਆਰਥੀ ਠੰਡ ਵਿਚ ਕਲਾਸਰੂਮਾਂ ਦੇ ਅੰਦਰ ਕੰਬ ਰਹੇ ਹਨ। ਵਧਦੀ ਠੰਡ ਅਤੇ ਸੀਤ ਲਹਿਰ ਦੇ ਮੱਦੇਨਜ਼ਰ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਵੱਲੋਂ ਇਕ ਐਡਵਾਈਜ਼ਰੀ ਜਾਰੀ ਕੀਤੀ ਗਈ ਹੈ।

ਜ਼ਿਕਰਯੋਗ ਹੈ ਕਿ ਪੰਜਾਬ ਵਿਚ ਡਿੱਗ ਰਹੇ ਤਾਪਮਾਨ ਨੂੰ ਦੇਖਦੇ ਹੋਏ ਖ਼ਾਸ ਤੌਰ ’ਤੇ ਬੱਚਿਆਂ ਅਤੇ ਬਜ਼ੁਰਗਾਂ ਨੂੰ ਕੜਾਕੇ ਦੀ ਠੰਡ ਤੋਂ ਬਚਣ ਲਈ ਕਿਹਾ ਗਿਆ ਹੈ। ਠੰਡ ਦੇ ਲੰਮੇ ਸਮੇਂ ਤੱਕ ਰਹਿਣ ਨਾਲ ਬੀਮਾਰੀਆਂ ਦਾ ਡਰ ਬਣਿਆ ਰਹਿੰਦਾ ਹੈ। ਫਲੂ, ਵਗਦਾ ਨੱਕ, ਹਾਈਪੋਥਰਮੀਆ, ਠੰਡ, ਦਿਲ ਦਾ ਦੌਰਾ ਆਦਿ। ਮੌਸਮ ਵਿਭਾਗ ਨੇ ਪੰਜਾਬ ਵਿਚ ਠੰਡ ਅਤੇ ਧੁੰਦ ਨੂੰ ਲੈ ਕੇ ਆਰੇਂਜ ਅਲਰਟ ਜਾਰੀ ਕੀਤਾ ਹੈ।

ਸੀਤ ਲਹਿਰ ਦੀ ਸਥਿਤੀ ਤੋਂ ਆਪਣੇ ਆਪ ਨੂੰ ਬਚਾਉਣ ਲਈ ਅੰਮ੍ਰਿਤਸਰ ਦੇ ਸਿਵਲ ਸਰਜਨ ਡਾ. ਵਿਜੇ ਕੁਮਾਰ ਵੱਲੋਂ ਐਡਵਾਈਜ਼ਰੀ ਜਾਰੀ ਕਰ ਕੇ ਲੋਕਾਂ ਨੂੰ ਠੰਡ ਵਿਚ ਸਾਵਧਾਨ ਰਹਿਣ ਲਈ ਕਿਹਾ ਗਿਆ ਹੈ। ਮੌਸਮ ਵਿਭਾਗ ਅਨੁਸਾਰ ਐਤਵਾਰ ਤੱਕ ਠੰਡ ਦਾ ਕਹਿਰ ਜਾਰੀ ਰਹੇਗਾ, ਧੁੰਦ ਅਤੇ ਸੀਤ ਲਹਿਰ ਜਾਰੀ ਰਹੇਗੀ। ਇਸ ਦੌਰਾਨ ਲੋਕਾਂ ਨੂੰ ਸਾਵਧਾਨ ਰਹਿਣ ਅਤੇ ਆਪਣਾ ਧਿਆਨ ਰੱਖਣ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਹਨ। ਵਿਭਾਗ ਨੇ ਲੋਕਾਂ ਨੂੰ ਗੱਡੀ ਹੌਲੀ ਚਲਾਉਣ ਅਤੇ ਸੜਕ ’ਤੇ ਨਾ ਚੱਲਣ ਲਈ ਕਿਹਾ ਹੈ।



ਡੈਮੋਕ੍ਰੇਟਿਕ ਟੀਚਰਜ਼ ਫੈੱਡਰੇਸ਼ਨ ਦੇ ਪ੍ਰਧਾਨ ਅਸ਼ਵਨੀ ਅਵਸਥੀ, ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਦੇ ਆਗੂ ਗੁਰਦੀਪ ਸਿੰਘ ਬਾਜਵਾ ਨੇ ਕਿਹਾ ਕਿ ਠੰਡ ਦਾ ਕਹਿਰ ਦਿਨੋਂ-ਦਿਨ ਵੱਧਦਾ ਜਾ ਰਿਹਾ ਹੈ। ਸਰਕਾਰ ਨੇ ਸਕੂਲਾਂ ਦੀਆਂ ਛੁੱਟੀਆਂ ਵਿਚ ਤਬਦੀਲ ਕੀਤੀ ਗਈ ਹੈ ਪਰ ਹੁਣ ਠੰਡ ਵੱਧ ਰਹੀ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਠੰਡ ਨੂੰ ਦੇਖਦੇ ਹੋਏ ਸਕੂਲ ਦੀਆਂ ਛੁੱਟੀਆਂ ਹੁਣ ਹੋਰ ਵਧਾ ਦਿੱਤੀਆਂ ਜਾਣ ਤਾਂ ਜੋ ਕੋਈ ਅਣਸੁਖਾਵੀਂ ਘਟਨਾ ਨਾ ਵਾਪਰੇ। ਕਈ ਜ਼ਿਲ੍ਹਿਆਂ ਵਿਚ ਭਿਆਨਕ ਧੁੰਦ ਅਤੇ ਕੋਹਰਾ ਪੈ ਰਿਹਾ ਹੈ ਅਤੇ ਬੱਚੇ ਵੀ ਬੀਮਾਰ ਹੋ ਰਹੇ ਹਨ। ਪਿਛਲੇ ਸਾਲ ਵੀ ਧੁੰਦ ਕਾਰਨ ਕਈ ਅਧਿਆਪਕ ਆਪਣੀਆਂ ਕੀਮਤੀ ਜਾਨਾਂ ਗਵਾ ਚੁੱਕੇ ਸਨ ਅਤੇ ਕਈ ਅਧਿਆਪਕ ਜ਼ਖ਼ਮੀ ਵੀ ਹੋਏ ਸਨ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸਰਦੀਆਂ ਨੂੰ ਦੇਖਦੇ ਹੋਏ ਤੁਰੰਤ ਛੁੱਟੀਆਂ ਵਧਾਵੇ ਅਤੇ ਮੌਸਮ ਦੇ ਸੁਧਰਨ ਤੱਕ ਛੁੱਟੀਆਂ ਦਾ ਐਲਾਨ ਕਰੇ।

ਸਰਕਾਰੀ ਟੀ. ਬੀ. ਹਸਪਤਾਲ ਦੇ ਮੁਖੀ ਡਾ. ਨਵੀਨ ਪਾਂਧੀ ਨੇ ਦੱਸਿਆ ਕਿ ਸਰਦੀਆਂ ਵਿਚ ਰਾਈਨੋ ਵਾਇਰਸ ਦੀ ਗਤੀਵਿਧੀ ਵੱਧ ਜਾਂਦੀ ਹੈ। ਇਸ ਨਾਲ ਖੰਘ, ਜ਼ੁਕਾਮ, ਫੇਫੜਿਆਂ ਦੀ ਇਨਫੈਕਸ਼ਨ ਅਤੇ ਸਾਹ ਦੀ ਨਾਲੀ (ਕ੍ਰੋਨਿਕ ਆਬਸਟਰਕਟਿਵ ਪਲਮੋਨਰੀ ਡਿਜ਼ੀਜ਼-ਸੀ. ਓ. ਪੀ. ਡੀ) ਵਿਚ ਸੋਜ ਕਾਰਨ ਸਾਹ ਚੜ੍ਹਨ ਦੀ ਸਮੱਸਿਆ ਵਧ ਜਾਂਦੀ ਹੈ। ਇਸ ਤੋਂ ਇਲਾਵਾ ਵੱਧਦੀ ਠੰਡ ਕਾਰਨ ਹਾਈਪੋਥਰਮੀਆ ਦਾ ਡਰ ਬਣਿਆ ਰਹਿੰਦਾ ਹੈ।

ਭਾਰਤੀ ਮੈਡੀਕਲ ਸੰਸਥਾ ਦੇ ਟੀ. ਬੀ. ਪ੍ਰੋਗਰਾਮ ਦੇ ਨੋਡਲ ਅਫ਼ਸਰ ਡਾ. ਨਰੇਸ਼ ਨੇ ਦੱਸਿਆ ਕਿ ਬੰਦ ਕਮਰੇ ਵਿਚ ਰੂਮ ਹੀਟਰ ਦੀ ਵਰਤੋਂ ਕਰਨਾ ਸਾਹ ਦੇ ਮਰੀਜ਼ਾਂ ਲਈ ਘਾਤਕ ਸਿੱਧ ਹੋ ਸਕਦਾ ਹੈ। ਬਜ਼ੁਰਗਾਂ ਅਤੇ ਬੱਚਿਆਂ ਨੂੰ ਆਪਣੀ ਛਾਤੀ ਨੂੰ ਗਰਮ ਰੱਖਣਾ ਚਾਹੀਦਾ ਹੈ ਅਤੇ ਘਰ ਤੋਂ ਬਾਹਰ ਜਾਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਦਿਲ ਦੇ ਰੋਗੀਆਂ ਨੂੰ ਸਵੇਰ ਦੀ ਸੈਰ ਨਹੀਂ ਕਰਨੀ ਚਾਹੀਦੀ ਅਤੇ ਜੇਕਰ ਸਰੀਰ ਵਿਚ ਕੋਈ ਪ੍ਰੇਸ਼ਾਨੀ ਆਉਂਦੀ ਹੈ ਤਾਂ ਤੁਰੰਤ ਡਾਕਟਰ ਨਾਲ ਸੰਪਰਕ ਕਰਨਾ ਚਾਹੀਦਾ ਹੈ। ਲੋਕਾਂ ਨੂੰ ਸਿਹਤ ਵਿਭਾਗ ਦੀਆਂ ਹਦਾਇਤਾਂ ਦੀ ਪਾਲਣਾ ਕਰਨੀ ਚਾਹੀਦੀ ਹੈ।

ਇੰਡੀਅਨ ਮੈਡੀਕਲ ਐਸੋਸੀਏਸ਼ਨ ਦੇ ਮੈਂਬਰ ਡਾ. ਰਜਨੀਸ਼ ਸ਼ਰਮਾ ਅਨੁਸਾਰ ਜੇਕਰ ਜ਼ੁਕਾਮ ਵਿਚ ਲੰਬੇ ਸਮੇਂ ਤੱਕ ਰਹਿਣ ਨਾਲ ਕਈ ਬੀਮਾਰੀਆਂ ਜਿਵੇਂ ਫਲੂ, ਨੱਕ ਵਗਣਾ ਆਦਿ ਦੇ ਲੱਛਣ ਦਿਖਾਈ ਦੇਣ ਤਾਂ ਡਾਕਟਰ ਨਾਲ ਸੰਪਰਕ ਕੀਤਾ ਜਾਵੇ। ਸੀਤ ਲਹਿਰ ਦੌਰਾਨ ਮੌਸਮ ਦੀ ਐਮਰਜੈਂਸੀ ਪ੍ਰਕਿਰਿਆ ਦੀ ਜਾਣਕਾਰੀ ਦਾ ਧਿਆਨ ਨਾਲ ਪਾਲਣ ਕਰੋ ਅਤੇ ਸਲਾਹ ਅਨੁਸਾਰ ਕੰਮ ਕਰੋ। ਜੇਕਰ ਸੰਭਵ ਹੋਵੇ, ਤਾਂ ਘਰ ਦੇ ਅੰਦਰ ਹੀ ਰਹੋ ਅਤੇ ਸਰਦੀਆਂ ਵਿਚ ਯਾਤਰਾ ਨੂੰ ਘੱਟ ਤੋਂ ਘੱਟ ਕਰੋ, ਜਿੰਨਾ ਹੋ ਸਕੇ ਗਰਮ ਕੱਪੜੇ ਪਹਿਨਦੇ ਰਹੋ।

# ਵੱਖ ਵੱਖ ਤਰ੍ਹਾਂ ਦੇ ਸੂਪ ਬਣਾਉਣ ਦੇ ਢੰਗ







## 01 ਸ਼ਾਕਾਹਾਰੀ ਮਿੰਚੋ ਸੂਪ

(ਸਮੱਗਰੀ)

| | | |
|---|---|---|
| ਬਾਰੀਕ ਕੱਟੀ ਗੋਭੀ | : | 3/4 ਕੱਪ |
| ਬਾਰੀਕ ਕੱਟੇ ਟਮਾਟਰ | : | 1/2 ਕੱਪ |
| ਬਾਰੀਕ ਕੱਟੀ ਸ਼ਿਮਲਾ ਮਿਰਚ | : | 1/2 ਕੱਪ |
| ਕਾਰਨਫ਼ਲੋਰ | : | 1 ਚਮਚਾ |
| ਬਾਰੀਕ ਕੱਟੀ ਗਾਜਰ | : | 1/2 ਕੱਪ |
| ਟੋਮੈਟੋ ਸੱਸ | : | 2 ਚਮਚੇ |
| ਬਾਰੀਕ ਕੱਟੀ ਬੰਦ ਗੋਭੀ | : | 1/2 ਕੱਪ |
| ਅਜੀਨੋਮੋਟੋ | : | 1/2 ਚਮਚਾ |
| ਸੋਇਆ ਸੱਸ | : | 1/2 ਚਮਚਾ |
| ਅਦਰਕ ਬਾਰੀਕ ਕੱਟੀ ਹੋਈ | : | 1 ਚਮਚਾ |
| ਬਾਰੀਕ ਕੱਟਿਆ ਲਸ਼ਣ | : | 1 ਚਮਚਾ |
| ਨਿੰਬੂ ਦਾ ਰਸ | : | 2 ਚਮਚੇ |
| ਕੱਟਿਆ ਹਰਾ ਧਨੀਆਂ | : | 1 ਚਮਚਾ |
| ਕਾਲੀ ਮਿਰਚ | : | 1/4 ਚਮਚਾ |

ਢੰਗ-ਤਰੀਕਾ : ਕੜਾਹੀ ਵਿਚ ਥੋੜਾ ਜਿਹਾ ਘਿਉ ਗਰਮ ਕਰੋ। ਅਦਰਕ, ਲਸ਼ਣ ਨੂੰ ਸਫ਼ੈਦ ਹੀ ਭੁੰਨੋ। ਹੁਣ ਇਸ ਵਿਚ ਅਜੀਨੋਮੋਟੋ ਤੇ ਕੱਟੀਆਂ ਹੋਈਆਂ ਸਬਜ਼ੀਆਂ ਪਾਕੇ ਹਲਕਾ ਜਿਹਾ ਭੁੰਨੋ। ਥੋੜਾ ਜਿਹਾ ਪਾਣੀ ਪਾਕੇ ਇਹਨਾਂ ਨੂੰ ਪੱਕਣ ਦੇਵੋ। ਹੁਣ ਇਸ ਵਿਚ ਟੋਮੈਟੋ ਸੱਸ, ਸੋਇਆ ਸੱਸ ਤੇ ਹਰਾ ਧਨੀਆਂ ਪਾਕੇ ਹਿਲਾਵੋ। ਨਮਕ, ਕਾਲੀ ਮਿਰਚ, ਧੋਇਆ ਹੋਇਆ ਕਾਰਨਫ਼ਲੋਰ ਪਾਕੇ ਥੋੜਾ ਚਿਰ ਪੱਕਣ ਦੇਵੋ। ਜਦੋਂ ਇਹ ਗਾੜ੍ਹਾਂ ਹੋ ਜਾਵੇ ਤਾਂ ਹੇਠਾਂ ਲਾਹ ਕੇ ਨਿੰਬੂ ਦਾ ਰਸ ਮਿਲਾਕੇ ਗਰਮਾ-ਗਰਮ ਪਰੋਸ ਦੇਵੋ।

## 02 ਬਾਦਾਮਾਂ ਦਾ ਸੂਪ

(ਸਮੱਗਰੀ)

| | | |
|---|---|---|
| ਬਾਰੀਕ ਕੱਟਿਆ ਹੋਇਆ ਪਿਆਜ਼ | : | 1 |
| ਬਟਰ (ਮੱਖਣ) | : | 1 ਚਮਚਾ |
| ਬਾਰੀਕ ਕੱਟਿਆ ਹੋਇਆ ਆਲੂ | : | 1 |
| ਕਾਰਨਫ਼ਲੋਰ | : | 1 ਚਮਚਾ |
| ਭਿੱਜੀ ਹੋਈ ਬਾਦਾਮ ਗਿਰੀ ਛਿੱਲੀ ਹੋਈ | : | 15-20 |
| ਨਮਕ, ਸਫ਼ੈਦ ਕਾਲੀ ਮਿਰਚ | : | ਸਵਾਦ ਅਨੁਸਾਰ |
| ਦੁੱਧ | : | ਇਕ ਕੱਪ ਜਾਂ ਵੱਧ ਲੋੜ ਅਨੁਸਾਰ |

ਢੰਗ-ਤਰੀਕਾ : 6-7 ਬਾਦਾਮਾਂ ਦੀਆਂ ਗਿਰੀਆਂ ਨੂੰ ਲੰਬੀਆਂ ਕੱਟ ਲਵੋ। ਬਾਕੀ ਨੂੰ ਥੋੜਾ ਜਿਹਾ ਪੀਸ ਲਵੋ। ਪਿਆਜ਼ ਤੇ ਆਲੂ ਵਿਚ 2 ਕੱਪ ਪਾਣੀ ਪਾਕੇ ਕੁੱਕਰ ਵਿਚ ਇਕ ਸੀਟੀ ਲਾਕੇ ਉਬਾਲ ਲਵੋ। ਇਸਨੂੰ ਖੋਹਲਕੇ ਮਿਕਸੀ ਵਿਚ ਪਾਕੇ ਪੀਸ ਲਵੋ ਪਾਣੀ ਦੇ ਨਾਲ ਹੀ। ਫ਼ਰਾਇੰਗ ਪੈਨ ਵਿਚ ਥੋੜਾ ਜਿਹਾ ਮੱਖਣ ਗਰਮ ਕਰੋ ਅਤੇ ਕਾਰਨਫ਼ਲੋਰ ਪਾਕੇ ਹਲਕਾ ਜਿਹਾ ਭੁੰਨਕੇ ਲਾਹ ਲਵੋ। ਲਗਾਤਾਰ ਹਿਲਾਉਂਦੇ ਹੋਏ ਦੁੱਧ ਅਤੇ ਆਲੂ ਪਿਆਜ਼ ਵਾਲੀ ਪਊਰੀ () ਮਿਲਾਕੇ ਮਿਕਸ ਕਰ ਲਵੋ। ਹੁਣ ਫੇਰ 1-2 ਉਬਾਲੇ ਆ ਜਾਣ ਤੱਕ ਪਕਾਵੋ। ਨਮਕ ਤੇ ਕਾਲੀ ਮਿਰਚ ਮਿਲਾਕੇ ਸੂਪ ਨੂੰ ਬਾਊਲ ਵਿਚ ਪਾਕੇ ਪਰੋਸੋ।

## 03 ਲੈਂਟਿਲ (ਮਸਰਾਂ ਦੀ ਦਾਲ) ਸੂਪ

(ਸਮੱਗਰੀ)

| | | |
|---|---|---|
| ਮਸਰਾਂ ਦੀ ਭਿੱਜੀ ਹੋਈ ਦਾਲ | : | 1/2 ਕਟੋਰੀ |
| ਸਫ਼ੈਦ ਕਾਲੀ ਮਿਰਚ ਪੀਸੀ ਹੋਈ | : | 1/2 ਚਮਚਾ |
| ਘਿਉ | : | 1 ਚਮਚਾ ਵੱਡਾ |
| ਨਿੰਬੂ ਦਾ ਰਸ | : | 1 ਚਮਚਾ |
| ਬਾਰੀਕ ਕੱਟਿਆ ਹੋਇਆ ਪਿਆਜ਼ | : | ਅੱਧਾ |
| ਕਰੀਮ | : | 2 ਚਮਚੇ |
| ਪਾਣੀ | : | ਥੋੜਾ ਜਿਹਾ |
| ਲਸ਼ਣ | : | ਤਿੰਨ-ਚਾਰ ਪੋਥੀਆਂ |
| ਮੱਖਣ | : | 1 ਚਮਚਾ |
| ਨਮਕ | : | ਸਵਾਦ ਅਨੁਸਾਰ |

ਢੰਗ-ਤਰੀਕਾ : ਕੜਾਹੀ ਵਿਚ ਘਿਉ ਪਾਕੇ ਦਾਲ ਨੂੰ ਹਲਕਾ ਜਿਹਾ ਭੁੰਨ ਲਵੋ। ਇਸ ਵਿਚ ਪਾਣੀ, ਨਮਕ, ਲਸ਼ਣ ਪਾਕੇ ਘੁਲ ਜਾਣ ਤੱਕ ਜਾਂ ਗਲ ਜਾਣ ਤੱਕ ਉਬਾਲੋ। ਪ੍ਰੈਸ਼ਰ ਕੁੱਕਰ ਵਿਚ ਵੀ ਉਬਾਲ ਸਕਦੇ ਹੋ। ਇਸਨੂੰ ਕੱਢਕੇ ਜਾਰ ਵਿਚ ਪਾ ਲਵੋ ਅਤੇ ਪੀਸ ਲਵੋ। ਤੜਕਾ ਲਾਉਂਣ ਦੇ ਲਈ ਇਕ ਚਮਚਾ ਮੱਖਣ ਗਰਮ ਕਰੋ। ਅੱਧਾ ਚਮਚਾ ਤੇਲ ਵੀ ਪਾ ਲਵੋ। ਪਿਆਜ਼ ਪਾਕੇ ਭੁੰਨ ਲਵੋ। ਇਸ ਵਿਚ ਦਾਲ ਦਾ ਸੂਪ ਪਾ ਦੇਵੋ। ਪਰੋਸਦੇ ਸਮੇਂ ਹਰ ਇਕ ਕੱਪ ਵਿਚ ਥੋੜੀ ਜਿਹੀ ਕਾਲੀ ਮਿਰਚ, ਨਿੰਬੂ ਦਾ ਰਸ ਅਤੇ 1/4 ਚਮਚਾ ਕਰੀਮ ਪਾ ਦੇਵੋ।

## 04



## 05



## 06



### ਟੋਮੈਟੋ ਜਾਂ ਟਮਾਟਰ ਸੂਪ

(ਸਮੱਗਰੀ)

| | | |
|---|---|---|
| ਲਾਲ ਪੱਕੇ ਟਮਾਟਰ | : | 1/2 ਕਿਲੋ |
| ਪਿਆਜ਼ ਬਾਰੀਕ ਕੱਟਿਆ | : | 1 |
| ਮੈਦਾ | : | 1 ਚਮਚਾ ਵੱਡਾ |
| ਮੱਖਣ | : | 1 ਚਮਚਾ |
| ਦੁੱਧ | : | 1/2 ਕੱਪ |
| ਨਮਕ, ਸਫ਼ੈਦ ਕਾਲੀ ਮਿਰਚ | : | ਸਵਾਦ ਅਨੁਸਾਰ |
| ਪਾਣੀ | : | ਇਕ ਗਲਾਸ |
| ਬ੍ਰੈਡ | : | 4 ਸਲਾਈਸ |

ਢੰਗ-ਤਰੀਕਾ : ਟਮਾਟਰਾਂ ਨੂੰ ਛੋਟੇ-ਛੋਟੇ ਟੁਕੜਿਆਂ ਵਿਚ ਕੱਟੋ। ਹੁਣ ਇਹਨਾਂ ਨੂੰ ਦੁੱਧ, ਪਾਣੀ ਅਤੇ ਮੈਦੇ ਦੇ ਨਾਲ ਪੀਸ ਲਵੋ। ਫੇਰ ਇਹਨਾਂ ਨੂੰ ਕੁੱਝ ਸਮਾਂ ਪੱਕਣ ਜਾਂ ਰਿੱਝਣ ਦੇਵੋ। ਇਕ ਕੜਾਹੀ ਵਿਚ ਮੱਖਣ ਗਰਮ ਕਰਕੇ ਉਸ ਵਿਚ ਪਿਆਜ਼ ਪਾਕੇ ਹਲਕਾ ਜਿਹਾ ਭੁੰਨ ਲਵੋ। ਸੂਪ ਵਿਚ ਇਹ ਤੜਕਾ ਮਿਲਾ ਦੇਵੋ। । ਹੁਣ ਸਵਾਦ ਅਨੁਸਾਰ ਨਮਕ, ਕਾਲੀ ਜਾਂ ਭੂਰੀ ਮਿਰਚ ਸੂਪ ਵਿਚ ਮਿਲਾਕੇ ਦੋ-ਤਿੰਨ ਮਿੰਟ ਰਿੱਝਣ ਦੇਵੋ। ਹੁਣ ਸੂਪ ਵਿਚ ਬ੍ਰੈਡ ਦੇ ਛੋਟੇ-ਛੋਟੇ ਟੁਕੜੇ ਕਰਕੇ ਤਲ ਲੈਣ ਤੋਂ ਬਾਦ ਮਿਲਾ ਦੇਵੋ। ਗਰਮਾ-ਗਰਮ ਟਮਾਟਰ ਸੂਪ ਪਰੋਸ ਦੇਵੋ।

### ਵੈਜ਼ੀਟੇਬਲ (ਸਬਜ਼ੀ) ਸੂਪ

(ਸਮੱਗਰੀ)

| | | |
|---|---|---|
| ਗਾਜਰ ਕੱਟੀ ਹੋਈ | : | 1/2 ਕੱਪ |
| ਕੱਦੂ (ਘੀਆ) ਕੱਟਿਆ ਹੋਇਆ | : | 1 ਕੱਪ |
| ਆਲੂ ਕੱਟਿਆ ਹੋਇਆ | : | 1/2 ਕੱਪ |
| ਕੱਦੂਕਸ਼ (ਗ੍ਰੇਟਿਡ) ਕੀਤਾ ਪਨੀਰ | : | 1/2 ਕੱਪ |
| ਪਿਆਜ਼ ਕੱਟਿਆ ਹੋਇਆ | : | 1/2 ਕੱਪ |
| ਕੱਟਿਆ ਹੋਇਆ ਹਰਾ ਧਨੀਆਂ | : | 1/4 ਕੱਪ |
| ਮੱਖਣ | : | ਇਕ ਚਮਚਾ |
| ਟਮਾਟਰ ਕੱਟਿਆ ਹੋਇਆ | : | 1/2 ਕੱਪ |
| ਨਿੰਬੂ ਦਾ ਰਸ | : | ਤਿੰਨ ਚਮਚੇ |
| ਨਮਕ, ਕਾਲੀ ਮਿਰਚ | : | ਸਵਾਦ ਅਨੁਸਾਰ |

ਢੰਗ-ਤਰੀਕਾ : ਸਾਰੀਆਂ ਸਬਜ਼ੀਆਂ ਨੂੰ ਬਹੁਤ ਬਾਰੀਕ ਕੱਟ ਲਵੋ। ਕੁੱਕਰ ਵਿਚ ਤਿੰਨ ਕੱਪ ਪਾਣੀ ਪਾਕੇ ਉੱਬਲਣਾ ਰੱਖ ਦੇਵੋ। ਉਬਾਲਾ ਆ ਜਾਣ ਤੇ ਸਾਰੀਆਂ ਸਬਜ਼ੀਆਂ ਅਤੇ ਮੱਖਣ ਪਾਕੇ ਸੀਟੀ ਲਗਵਾ ਲਵੋ। ਕੁੱਕਰ ਨੂੰ ਆਪਣੇ ਆਪ ਠੰਡਾ ਹੋਣ ਦੇਵੋ। ਖੋਹਲਕੇ ਕੱਟਿਆ ਹੋਇਆ ਹਰਾ ਧਨੀਆਂ, ਨਮਕ ਤੇ ਪਨੀਰ ਪਾਕੇ ਚੰਗੀ ਤਰ੍ਹਾਂ ਮਿਲਾ ਲਵੋ। ਪਰੋਸਦੇ ਸਮੇਂ ਕਾਲੀ ਮਿਰਚ ਅਤੇ ਨਿੰਬੂ ਦਾ ਰਸ ਮਿਲਾਕੇ ਸਰਵ ਕਰੋ। ਇਸ ਵਿਚ ਚਮਕ ਲਿਆਉਂਣ ਲਈ 1/2 ਛੋਟਾ ਚਮਚਾ ਕਾਰਨਫ਼ਲੋਰ ਵਿਚ 2 ਵੱਡੇ ਚਮਚੇ ਪਾਣੀ ਪਾਕੇ ਤੇ ਘੋਲਕੇ ਉਬਲਦੇ ਸੂਪ ਵਿਚ ਮਿਲਾ ਦੇਣੇ ਚਾਹੀਦੇ ਹਨ।

### ਸਵੀਟ (ਮਿੱਠਾ) ਕਾਰਨ ਸੂਪ

(ਸਮੱਗਰੀ)

| | | |
|---|---|---|
| ਕਾਰਨ ਦੇ ਦਾਣੇ (ਮੱਕੀ ਦੇ ਦਾਣੇ) | : | ਇੱਕ ਕੱਪ |
| ਸਫ਼ੈਦ ਕਾਲੀ ਮਿਰਚ | : | ਥੋੜੀ ਜਿਹੀ |
| ਬੀਨਸ ਬਾਰੀਕ ਕੱਟੇ ਹੋਏ | : | 1/4 ਕੱਪ |
| ਧੋਇਆ ਹੋਇਆ ਕਾਰਨਫ਼ਲੋਰ | : | 1 ਛੋਟਾ ਚਮਚਾ |
| ਗਾਜਰ ਬਾਰੀਕ ਕੱਟੀ ਹੋਈ | : | 1/4 ਕੱਪ |
| ਕਰੀਮ | : | ਥੋੜੀ ਜਿਹੀ |
| ਨਮਕ | : | ਸਵਾਦ ਅਨੁਸਾਰ |

ਢੰਗ-ਤਰੀਕਾ : ਕਾਰਨ ਦੇ ਦਾਣੇ, ਬੀਨਸ ਤੇ ਗਾਜਰਾਂ ਨੂੰ ਪਾਣੀ ਪਾਕੇ ਉਬਾਲ ਲਵੋ। ਕੁੱਕਰ ਨੂੰ ਖੋਹਲਕੇ ਨਮਕ ਪਾ ਦੇਵੋ। ਲਗਾਤਾਰ ਹਿਲਾਉਂਦੇ ਹੋਏ ਕਾਰਨਫ਼ਲੋਰ ਦਾ ਪਾਣੀ ਮਿਲਾਵੋ। ਥੋੜਾ ਜਿਹਾ ਗਾੜ੍ਹਾ ਹੋ ਜਾਣ ਤੇ ਹੇਠਾਂ ਲਾਹ ਲਵੋ। ਸੂਪ ਬਾਊਲ ਵਿਚ ਪਾਕੇ ਸਫ਼ੈਦ ਕਾਲੀ ਮਿਰਚ ਅਤੇ ਕਰੀਮ ਪਾਕੇ ਇਸਨੂੰ ਮਹਿਮਾਨਾਂ ਸਾਹਮਣੇ ਪਰੋਸ ਦੇਵੋ।

# ਕੋਰੋਮੰਡਲ ਪ੍ਰਾਇਦੀਪ ਤੋਂ ਡਿੱਗਣ ਤੋਂ ਬਾਅਦ ਸਮੁੰਦਰ ਵਿੱਚ 24 ਘੰਟੇ ਬਚਿਆ ਰਿਹਾ ਵਿਲ ਫ੍ਰਾਂਸੇਨ

ਇੱਕ ਵਿਅਕਤੀ ਜੋ ਆਪਣੀ ਕਿਸ਼ਤੀ ਤੋਂ ਡਿੱਗ ਗਿਆ ਅਤੇ ਬਚਾਅ ਕਰਨ ਵਾਲਿਆਂ ਨੂੰ ਸੰਕੇਤ ਦੇਣ ਲਈ ਆਪਣੀ ਘੜੀ ਦੀ ਵਰਤੋਂ ਕਰਨ ਤੋਂ ਪਹਿਲਾਂ 24 ਘੰਟੇ ਸਮੁੰਦਰ ਵਿੱਚ ਇਕੱਲੇ ਤੈਰਦੇ ਹੋਏ ਬਚਿਆ, ਕਹਿੰਦਾ ਹੈ ਕਿ "ਉਸਨੂੰ ਅਜੇ ਜਾਣਾ ਨਹੀਂ ਸੀ"।

ਕੈਮਬ੍ਰਿਜ 61 ਸਾਲਾ ਵਿਲ ਫ੍ਰਾਂਸੇਨ ਨੇ ਕਿਹਾ ਕਿ ਉਸਨੇ ਓਵਰਬੋਰਡ ਡਿੱਗਣ ਤੋਂ ਬਾਅਦ ਕਿਸ਼ਤੀਆਂ ਦੇ ਲੰਘਣ ਦਾ ਧਿਆਨ ਖਿੱਚਣ ਲਈ ਕਈ ਵਾਰ ਕੋਸ਼ਿਸ਼ ਕੀਤੀ ਅਤੇ ਅਸਫਲ ਰਿਹਾ, ਅਤੇ ਵੰਗਾਮਾਟਾ ਅਤੇ ਕੋਰੋਮੰਡਲ ਪ੍ਰਾਇਦੀਪ ਤੋਂ ਬਚਣ ਦੀ ਸੰਭਾਵਨਾ ਬਾਰੇ ਸ਼ੁਰੂ ਤੋਂ ਹੀ "ਨਿਰਾਸ਼ਾਵਾਦੀ" ਸੀ। ਫ੍ਰਾਂਸੇਨ ਨੇ 2 ਜਨਵਰੀ ਨੂੰ ਆਪਣੀ 12 ਮੀਟਰ ਕਿਸ਼ਤੀ 'ਤੇ ਇਕੱਲੇ ਮੱਛੀ ਫੜਨ ਦੀ ਯਾਤਰਾ ਲਈ ਰਵਾਨਾ ਕੀਤਾ ਸੀ, ਅਗਲੇ ਦਿਨ ਵਾਪਸ ਆਉਣ ਦੀ ਯੋਜਨਾ ਦੇ ਨਾਲ। ਉਸਨੇ ਇੱਕ ਮਾਰਲਿਨ ਨੂੰ ਹੁੱਕ ਅਤੇ ਟੈਗ ਕੀਤਾ ਸੀ ਅਤੇ ਇਸਨੂੰ ਵਾਪਸ ਸਮੁੰਦਰ ਵਿੱਚ ਛੱਡਣ ਵਾਲਾ ਸੀ ਜਦੋਂ ਸਭ ਕੁਝ ਬੁਰੀ ਤਰ੍ਹਾਂ ਗਲਤ ਹੋ ਗਿਆ ਸੀ। ਉਸਨੂੰ ਯਾਦ ਨਹੀਂ ਹੈ ਕਿ ਉਸਨੇ ਆਪਣੀ ਕਿਸ਼ਤੀ 'ਤੇ ਰੇਲਗੱਡੀ ਨੂੰ ਚੁੱਕਿਆ ਸੀ ਜਾਂ ਇਹ ਆਪਣੇ ਆਪ ਬਾਹਰ ਆ ਗਈ ਸੀ, ਪਰ ਸਮੁੰਦਰ ਅਤੇ ਮੱਛੀਆਂ ਦੀ ਗਤੀ ਨਾਲ, ਉਹ ਆਪਣਾ ਸੰਤੁਲਨ ਗੁਆ ਬੈਠਾ ਅਤੇ ਖੁੱਲ੍ਹੀ ਸੁਰੱਖਿਆ ਰੇਲ ਤੋਂ ਹੇਠਾਂ ਡਿੱਗ ਗਿਆ।

"ਅਗਲੀ ਚੀਜ਼ ਜੋ ਮੈਂ ਕਿਸ਼ਤੀ ਦੇ ਨਾਲ ਪਾਣੀ ਵਿੱਚ ਸੀ।" ਉਸਨੇ ਤੈਰ ਕੇ ਕਿਸ਼ਤੀ 'ਤੇ ਵਾਪਸ ਜਾਣ ਦੀ ਕੋਸ਼ਿਸ਼ ਕੀਤੀ ਪਰ ਕੁਝ ਹੀ ਝਟਕਿਆਂ ਵਿੱਚ ਮਹਿਸੂਸ ਕੀਤਾ ਕਿ ਇਹ ਬਹੁਤ ਤੇਜ਼ੀ ਨਾਲ ਉਸ ਤੋਂ ਦੂਰ ਜਾ ਰਹੀ ਸੀ।

"ਮੈਂ ਮਾਰਲਿਨ ਨਾਲ ਜੁੜੀ ਲਾਈਨ ਨੂੰ ਫੜ ਲਿਆ ਅਤੇ ਲਾਈਨ ਨੂੰ ਬਾਹਰ ਕੱਢਣਾ ਸ਼ੁਰੂ ਕਰ ਦਿੱਤਾ। ਮੈਂ ਸਿਰਫ ਕਿਸ਼ਤੀ ਵੱਲ ਆਪਣਾ ਰਸਤਾ ਖਿੱਚਣ ਦੀ ਕੋਸ਼ਿਸ਼ ਕੀਤੀ ਤਾਂ ਜੋ ਮੇਰੇ ਹੱਥ ਤੋਂ ਲਾਈਨ ਖਿਸਕ ਜਾਵੇ, ਜੋ ਕਿ ਬਹੁਤ ਨਿਰਾਸ਼ਾਜਨਕ ਹੈ, ਕਿਉਂਕਿ ਅਗਲੀ ਗੱਲ ਇਹ ਹੈ ਕਿ ਮੇਰੀ ਕਿਸ਼ਤੀ ਦੂਰੀ ਦੇ ਉੱਪਰ ਸੁਸਤ ਹੈ ਅਤੇ ਮੈਂ ਪਾਣੀ ਨੂੰ ਪਾਰ ਕਰ ਰਿਹਾ ਹਾਂ। "

ਉਹ ਉੱਤਰੀ ਟਾਪੂ ਦੇ ਪੂਰਬ ਵੱਲ ਲਗਭਗ 30 ਸਮੁੰਦਰੀ ਮੀਲ, ਜਾਂ 55 ਕਿਲੋਮੀਟਰ ਦੂਰ ਸੀ ਅਤੇ ਦੱਖਣ ਵੱਲ ਲੰਬਾ ਰਸਤਾ ਛੱਡ ਕੇ, ਬੇਅ ਆਫ਼ ਪਲੈਂਟੀ ਵਿੱਚ ਮੇਅਰ ਆਈਲੈਂਡ ਤੱਕ ਪਹੁੰਚ ਜਾਵੇਗਾ। ਫ੍ਰਾਂਸੇਨ ਨੇ ਪਤਝੜ ਵਿੱਚ ਆਪਣੀ ਟੋਪੀ ਨੂੰ ਫੜੀ ਰੱਖਣ ਵਿੱਚ ਕਾਮਯਾਬ ਹੋ ਗਿਆ ਸੀ ਅਤੇ ਇਸਨੂੰ ਲਹਿਰਾਉਣ ਦੀ ਕੋਸ਼ਿਸ਼ ਕੀਤੀ ਸੀ ਅਤੇ ਲੰਘਣ ਵਾਲੀਆਂ ਕਿਸ਼ਤੀਆਂ 'ਤੇ ਚੀਕਿਆ ਸੀ, ਕੋਈ ਸਫਲਤਾ ਨਹੀਂ ਸੀ. ਉਸਨੇ ਲਾਈਫ ਜੈਕੇਟ ਨਹੀਂ ਪਹਿਨੀ ਹੋਈ ਸੀ ਪਰ ਉਸ ਨੇ ਇੱਕ ਹਾਰਨੇਸ ਪਹਿਨੀ ਹੋਈ ਸੀ ਜਿਸ ਵਿੱਚ ਕੁਝ ਪੱਧਰ ਦੀ ਖੁਸ਼ਹਾਲੀ ਸੀ। ਫਿਰ ਉਸਨੇ ਨੇੜੇ ਦੇ ਐਲਡਰਮੈਨ ਟਾਪੂ ਵੱਲ ਤੈਰਨ ਦੀ ਕੋਸ਼ਿਸ਼ ਕੀਤੀ, ਪਰ ਜਲਦੀ ਹੀ ਮਹਿਸੂਸ ਹੋਇਆ ਕਿ ਕਰੰਟ ਉਸਨੂੰ ਉਲਟ ਦਿਸ਼ਾ ਵਿੱਚ ਲੈ ਜਾ ਰਿਹਾ ਹੈ।

"ਮੈਂ ਹਾਰ ਮੰਨ ਲਈ ਅਤੇ ਸਿਰਫ਼ ਪਾਣੀ ਪੀਤਾ ਅਤੇ ਸਿਰ ਉੱਤੇ ਸੁੰਦਰ ਸੂਰਜ ਡੁੱਬਦਾ ਦੇਖਿਆ।" ਅਜ਼ਮਾਇਸ਼ ਦੇ ਕਿਸੇ ਬਿੰਦੂ 'ਤੇ, ਫ੍ਰਾਂਸੇਨ ਨੇ ਨੇੜੇ ਦੇ ਪਾਣੀ ਵਿੱਚ ਇੱਕ ਖੰਭ ਦਿਖਾਈ ਦਿੱਤਾ ਅਤੇ ਇੱਕ ਸ਼ਾਰਕ ਨੂੰ ਦੇਖਿਆ।"ਖੁਸ਼ਕਿਸਮਤੀ ਨਾਲ ਇਸ ਨੇ ਫੈਸਲਾ ਕੀਤਾ ਕਿ ਇਸ ਵਿੱਚ ਕੋਈ ਦਿਲਚਸਪੀ ਨਹੀਂ ਸੀ। ਇਹ ਦੋ ਕੁ ਮੀਟਰਾਂ ਦਾ ਹੋਣਾ ਸੀ ਤਾਂ ਜੋ ਇਹ ਮੇਰੇ ਨਾਲ ਆਸਾਨੀ ਨਾਲ ਨਜਿੱਠ ਸਕਦਾ ਸੀ।" ਸ਼ਾਰਕ ਕੁਝ ਸਮੇਂ ਲਈ ਫ੍ਰਾਂਸੇਨ ਦੇ ਦਿਮਾਗ ਵਿੱਚ ਰਹੀ। ਹਰ ਵਾਰ ਜਦੋਂ ਉਹ ਸਮੁੰਦਰੀ ਬੂਟੇ ਨੂੰ ਛੂਹਦਾ ਸੀ ਤਾਂ ਉਹ ਹੈਰਾਨ ਹੋ ਜਾਂਦਾ ਸੀ। ਜਿਉਂ ਜਿਉਂ ਰਾਤ ਬੀਤਦੀ ਸੀ, ਉਸਨੇ ਪਰਿਵਾਰ, ਦੋਸਤਾਂ ਅਤੇ ਜੀਵਨ 'ਤੇ ਪ੍ਰਤੀਬਿੰਬਤ ਕੀਤਾ, ਅਤੇ ਨਿਯਮਿਤ ਤੌਰ 'ਤੇ ਇਸ ਵਿੱਚੋਂ ਪਾਣੀ ਕੱਢਣ ਲਈ ਹਵਾ ਵਿੱਚ ਆਪਣੀ ਕਤਾਰ ਨੂੰ ਲਹਿਰਾਇਆ, ਇਸ ਉਮੀਦ ਵਿੱਚ ਕਿ ਇਹ ਉਸਦੀ ਮੌਤ ਤੋਂ ਬਾਅਦ ਉਸਨੂੰ ਤੈਰਦਾ ਰੱਖਣ ਲਈ ਕਾਫ਼ੀ ਖੁਸ਼ਹਾਲ ਹੋਵੇਗਾ। ਉਹ ਚਾਹੁੰਦਾ ਸੀ ਕਿ ਉਸਦੀ ਲਾਸ਼ ਨੂੰ ਲੱਭਣਾ ਆਸਾਨ ਹੋ ਜਾਵੇ ਤਾਂ ਜੋ ਉਸਦੇ ਬੱਚੇ ਉਸਦੀ ਜੀਵਨ ਬੀਮਾ ਪਾਲਿਸੀ ਵਿੱਚ ਨਕਦ ਲੈਣ ਦੇ ਯੋਗ ਹੋ ਸਕਣ, ਉਸਨੇ ਕਿਹਾ।

"ਮੈਂ ਇੱਕ ਲਾਈਫ ਜੈਕੇਟ ਲਈ ਕੋਈ ਪੈਸਾ ਦੇ ਦਿੰਦਾ। ਮੈਂ ਸੋਚਿਆ ਕਿ ਮੈਂ ਕਿਸ਼ਤੀ ਵਿੱਚ ਚਲਾ ਜਾਵਾਂਗਾ। ਇਸ ਲਈ ਉਹ ਕਿਸ਼ਤੀ ਸਹੀ ਢੰਗ ਨਾਲ ਦੂਰ ਚਲੀ ਗਈ. ਫਿਰ ਕੁਝ ਬਦਲ ਗਿਆ. ਹਵਾ ਰੁਕ ਗਈ, ਸਮੁੰਦਰ ਥੋੜਾ ਸ਼ਾਂਤ ਹੋ ਗਿਆ।" ਫ੍ਰਾਂਸੇਨ ਦਿਨ ਭਰ ਭਰਮ ਵਿੱਚ ਰਹਿੰਦਾ ਸੀ, ਅਕਸਰ ਕਿਸ਼ਤੀਆਂ ਨੂੰ ਦੇਖਦਾ ਸੀ ਜਿੱਥੇ ਕੋਈ ਵੀ ਨਹੀਂ ਸੀ। "ਮੈਂ ਉਨ੍ਹਾਂ ਦੀ ਬਹੁਤ ਸਾਰੀ ਕਲਪਨਾ ਕੀਤੀ ਸੀ।" ਪਰ ਫਿਰ ਉਸਨੇ ਨੇੜੇ ਹੀ ਤਿੰਨ ਨੌਜਵਾਨਾਂ ਨੂੰ ਮੱਛੀਆਂ ਫੜਦੇ ਦੇਖਿਆ, ਅਤੇ ਇਸ ਵਾਰ ਕਿਸੇ ਨੇ ਉਹ ਰੋਸ਼ਨੀ ਦੇਖੀ ਜੋ ਉਹ



ਸੁਰੱਖਿਅਤ ਸੀ ਕਿਉਂਕਿ ਰੇਲਗੱਡੀਆਂ ਉੱਪਰ ਸਨ।"ਫ੍ਰਾਂਸੇਨ ਰਾਤ ਭਰ ਪਾਣੀ ਭਰਦਾ ਰਿਹਾ, ਸੌਂਦਾ ਨਹੀਂ, ਕਈ ਕਿਲੋਮੀਟਰ ਦੱਖਣ ਵੱਲ ਵਹਿੰਦਾ ਰਿਹਾ ਜਦੋਂ ਤੱਕ ਉਹ ਮੇਅਰ ਆਈਲੈਂਡ/ਤੁਹੁਆ ਦੇ ਨੇੜੇ ਨਹੀਂ ਪਹੁੰਚ ਗਿਆ। ਸਵੇਰ ਦੇ ਮੌਸਮ ਦੀ ਸਥਿਤੀ ਪਿਛਲੇ ਦਿਨ ਨਾਲੋਂ ਜ਼ਿਆਦਾ ਖਰਾਬ ਸੀ, ਅਤੇ ਉਹ ਜਾਣਦਾ ਸੀ ਕਿ ਬਹੁਤ ਸਾਰੀਆਂ ਕਿਸ਼ਤੀਆਂ ਬਾਹਰ ਹੋਣ ਦੀ ਸੰਭਾਵਨਾ ਨਹੀਂ ਸੀ। ਫ੍ਰਾਂਸੇਨ ਨੇ ਆਪਣਾ ਸਿਰ ਪਾਣੀ ਤੋਂ ਉੱਪਰ ਰੱਖਣ ਲਈ ਲੜਿਆ ਕਿਉਂਕਿ ਲਹਿਰਾਂ ਉਸ ਦੇ ਉੱਪਰ ਟਕਰਾ ਗਈਆਂ ਸਨ। ਉਹ ਸਮੁੰਦਰੀ ਪਾਣੀ ਨੂੰ ਨਿਗਲ ਗਿਆ ਅਤੇ ਠੰਢੇ ਤਾਪਮਾਨ ਵਿੱਚ ਕੰਬ ਰਿਹਾ ਸੀ।

"ਜਦੋਂ ਮੈਂ ਪਾਣੀ ਵਿੱਚ ਗਿਆ ਤਾਂ ਮੈਨੂੰ ਪਤਾ ਸੀ ਕਿ ਕਿਸੇ ਨੂੰ ਇਹ ਜਾਣਨ ਦੀ ਸੰਭਾਵਨਾ ਵੀ ਹੈ ਕਿ ਮੈਂ ਪਾਣੀ ਵਿੱਚ ਸੀ ਬਹੁਤ ਪਤਲਾ ਸੀ। ਮੈਂ ਸ਼ੁਰੂ ਤੋਂ ਹੀ ਕਾਫ਼ੀ ਨਿਰਾਸ਼ਾਵਾਦੀ ਸੀ, "ਉਸਨੇ ਕਿਹਾ। "ਮੈਂ ਹੁਣੇ ਜਿਉਂਦਾ ਰਿਹਾ।" ਆਖਰਕਾਰ ਉਸਨੇ ਇੱਕ ਹੋਰ ਕਿਸ਼ਤੀ ਦੇਖੀ ਅਤੇ ਸੋਚਿਆ ਕਿ ਉਹ ਸੂਰਜ ਦੇ ਪ੍ਰਤੀਬਿੰਬ ਨੂੰ ਫੜਨ ਅਤੇ ਕਿਸ਼ਤੀ 'ਤੇ ਇਸ ਨੂੰ ਚਮਕਾਉਣ ਲਈ ਆਪਣੀ ਘੜੀ ਦੀ ਵਰਤੋਂ ਕਰਨ ਦੀ ਕੋਸ਼ਿਸ਼ ਕਰੇਗਾ।

"ਜਦੋਂ ਮੈਂ ਆਪਣੀ ਬਾਂਹ ਨੂੰ ਉੱਪਰ ਚੁੱਕਣ ਦੀ ਕੋਸ਼ਿਸ਼ ਕਰ ਰਿਹਾ ਸੀ ਤਾਂ ਮੈਂ ਪਾਣੀ ਦੇ ਹੇਠਾਂ ਆਪਣੀ ਘੜੀ ਤੋਂ ਪ੍ਰਤੀਬਿੰਬਤ ਕਰ ਰਿਹਾ ਸੀ।

"ਓ, ਰਾਹਤ. ਓਹ, ਬੱਸ, ਹਾਂ, ਮੈਂ ਸੋਚਿਆ, 'ਠੀਕ ਹੈ, ਇਹ ਖਤਮ ਹੋ ਗਿਆ'।

"ਮੈਂ ਅਜੇ ਜਾਣਾ ਨਹੀਂ ਸੀ।"ਜੇਮਜ਼, ਜੋ ਗੱਡੀ ਚਲਾ ਰਿਹਾ ਸੀ ... ਉਸਦੇ ਸ਼ਬਦਾਂ ਵਿੱਚ, ਉਸਨੇ ਕਿਹਾ, 'ਮੈਂ ਇਸ ਹਿਲਾਉਂਦੇ ਹੋਏ ਬਾਂਹ ਨੂੰ ਦੇਖਿਆ ਅਤੇ ਸੋਚਿਆ, ਠੀਕ ਹੈ, ਇੱਥੇ ਕੋਈ ਵੀ ਬਾਂਹ ਲਹਿਰਾਉਣ ਵਾਲੀ ਨਹੀਂ ਹੋਣੀ ਚਾਹੀਦੀ।'"

ਜੇਮਜ਼ ਮੈਕਡੋਨਲ, ਮੈਕਸ ਵ੍ਹਾਈਟ ਅਤੇ ਟਾਈਲਰ ਟੈਫਸ ਫ੍ਰਾਂਸੇਨ ਵੱਲ ਵਧੇ ਅਤੇ ਉਸ ਨੂੰ ਪਾਣੀ ਤੋਂ ਖਿੱਚ ਲਿਆ, ਉਸ ਨੂੰ ਉਸ ਹਰ ਚੀਜ਼ ਵਿੱਚ ਲਪੇਟਿਆ ਜੋ ਉਹ ਉਸਦਾ ਤਾਪਮਾਨ ਵਧਾਉਣ ਲਈ ਲੱਭ ਸਕਦੇ ਸਨ। ਫ੍ਰਾਂਸੇਨ ਨੇ ਪਾਣੀ ਦੀਆਂ ਨਿੱਘੀਆਂ ਬੋਤਲਾਂ ਅਤੇ ਕਰੈਨਬੇਰੀ ਜੂਸ ਕੱਢਿਆ। "ਉਹ ਤੁਰੰਤ ਤੇਜ਼ ਰਫ਼ਤਾਰ ਨਾਲ ਘਰ ਵੱਲ ਚੱਲ ਪਏ।"


ਫ੍ਰਾਂਸੇਨ ਦਾ ਚਿਹਰਾ ਪਾਣੀ ਤੋਂ ਸੂਰਜ ਦੇ ਪ੍ਰਤੀਬਿੰਬ ਤੋਂ ਸੜ ਗਿਆ ਸੀ, ਅਤੇ ਉਸ ਦੀਆਂ ਲੱਤਾਂ, ਬਾਹਾਂ ਅਤੇ ਜੋੜਾਂ ਨੂੰ ਪਾਣੀ ਵਿਚ ਤਰਨ ਕਾਰਨ ਦਰਦ ਹੋ ਗਿਆ ਸੀ, ਪਰ ਜਦੋਂ ਉਹ ਵੰਗਾਮਾਤਾ ਪਹੁੰਚਿਆ ਤਾਂ ਉਹ ਉਡੀਕ ਕਰ ਰਹੀ ਐਂਬੂਲੈਂਸ ਤੱਕ ਚੱਲਣ ਦੇ ਯੋਗ ਸੀ। ਜਿਵੇਂ ਹੀ ਉਹ ਹਸਪਤਾਲ ਤੋਂ ਬਾਹਰ ਆਇਆ ਉਸਦੇ ਕੋਲ ਮੈਕਡੋਨਲਡਜ਼ ਅਤੇ ਇੱਕ ਹੇਨੇਕੇਨ ਸੀ। ਫ੍ਰਾਂਸੇਨ ਅਜੇ ਵੀ ਆਸਵੰਦ ਹੈ ਕਿ ਉਹ ਆਪਣੀ ਕਿਸ਼ਤੀ ਵਾਪਸ ਪ੍ਰਾਪਤ ਕਰ ਸਕਦਾ ਹੈ, ਕਿਉਂਕਿ ਇਹ ਪ੍ਰਸ਼ਾਂਤ ਵੱਲ ਵਿਹਲੀ ਹੈ। ਉਸ ਕੋਲ ਦੋ ਜਹਾਜ਼ ਹਨ ਜੋ ਕਿਸ਼ਤੀ ਦੀ ਭਾਲ ਕਰ ਰਹੇ ਹਨ, ਜਿਸ ਵਿੱਚ ਇੱਕ ਉਹ ਖੁਦ ਕਿਰਾਏ 'ਤੇ ਲਿਆ ਹੈ। ਉਹ ਹਰ ਕਿਸੇ ਦਾ ਧੰਨਵਾਦ ਕਰਨਾ ਚਾਹੁੰਦਾ ਸੀ ਜਿਸਨੇ ਉਸਦੀ ਮਦਦ ਕੀਤੀ, ਐਮਰਜੈਂਸੀ ਜਵਾਬ ਦੇਣ ਵਾਲਿਆਂ ਸਮੇਤ। ਮੈਕਸ ਵ੍ਹਾਈਟ, ਕਿਸ਼ਤੀ ਦੇ ਕਪਤਾਨ ਜੋ ਕਿ ਫ੍ਰਾਂਸੇਨ ਦੇ ਬਚਾਅ ਲਈ ਆਇਆ ਸੀ, ਨੇ ਕਿਹਾ ਕਿ ਉਹ ਅਤੇ ਉਸਦੇ ਦੋਸਤ ਮੇਅਰ ਆਈਲੈਂਡ ਦੇ ਨੇੜੇ ਇੱਕ ਦਿਨ ਦੀ ਗੇਮ ਫਿਸ਼ਿੰਗ ਲਈ ਬਾਹਰ ਸਨ। "ਮੇਰੇ ਸਾਥੀਆਂ ਵਿੱਚੋਂ ਇੱਕ ਨੇ ਇੱਕ ਝਲਕ ਵੇਖੀ ਕਿ ਉਸਦੀ ਘੜੀ ਕੀ ਹੋ ਗਈ।"

ਸਮੂਹ ਜਾਂਚ ਕਰਨ ਲਈ ਅੱਗੇ ਵਧਿਆ ਅਤੇ ਜਿਵੇਂ ਹੀ ਉਹ ਨੇੜੇ ਆਏ, ਵ੍ਹਾਈਟ ਨੇ ਆਪਣੇ ਦੋਸਤਾਂ ਨੂੰ ਦੱਸਿਆ ਕਿ ਉਸਨੇ ਸੋਚਿਆ ਕਿ ਇਹ ਪਾਣੀ ਵਿੱਚ ਤੈਰ ਰਿਹਾ "ਇੱਕ ਮਨੁੱਖ" ਸੀ।"ਇਹ ਉਹ ਚੀਜ਼ ਨਹੀਂ ਹੈ ਜਿਸਦੀ ਤੁਸੀਂ ਮੇਅਰ ਆਈਲੈਂਡ ਦੇ ਪਿਛਲੇ ਪਾਸੇ ਤੋਂ 10 ਮੀਲ ਦੂਰ ਦੇਖਣ ਦੀ ਉਮੀਦ ਕਰਦੇ ਹੋ." ਉਸਨੇ ਕਿਹਾ ਕਿ ਇਹ "ਥੋੜਾ ਜਿਹਾ ਮੂਰਖ" ਸੀ ਪਰ ਸਭ ਤੋਂ ਪਹਿਲਾਂ ਉਸਨੇ ਫ੍ਰਾਂਸੇਨ ਨੂੰ ਪੁੱਛਿਆ ਕਿ ਕੀ ਉਹ ਠੀਕ ਹੈ। "ਮੇਰਾ ਅੰਦਾਜ਼ਾ ਹੈ ਕਿ ਉਨ੍ਹਾਂ ਹਾਲਾਤਾਂ ਵਿੱਚ ਤੁਸੀਂ ਸ਼ਾਇਦ ਠੀਕ ਨਹੀਂ ਹੋ।" ਉਸਨੇ "ਤੁਹਾਨੂੰ ਦੇਖ ਕੇ ਖੁਸ਼ੀ" ਦੀ ਤਰਜ਼ 'ਤੇ ਕੁਝ ਹੋਣ ਦੇ ਤੌਰ 'ਤੇ ਉਸ ਲਈ ਫ੍ਰਾਂਸਨ ਦੇ ਪਹਿਲੇ ਸ਼ਬਦਾਂ ਨੂੰ ਯਾਦ ਕੀਤਾ।

"ਉਹ ਬਹੁਤ ਠੰਡਾ ਸੀ, ਬੁਰੀ ਤਰ੍ਹਾਂ ਡੀਹਾਈਡ੍ਰੇਟਿਡ ਸੀ।" ਜਿਵੇਂ ਹੀ ਫ੍ਰਾਂਸੇਨ ਨੇ ਆਪਣੀ ਕਹਾਣੀ ਸਾਂਝੀ ਕਰਨੀ ਸ਼ੁਰੂ ਕੀਤੀ, ਸਮੂਹ ਇਹ ਸੁਣ ਕੇ ਹੈਰਾਨ ਰਹਿ ਗਿਆ ਕਿ ਉਹ "ਕੱਲ੍ਹ ਤੋਂ" ਪਾਣੀ ਵਿੱਚ ਸੀ ਅਤੇ ਐਲਡਰਮੈਨ ਟਾਪੂਆਂ ਤੋਂ ਬਹੁਤ ਲੰਬਾ ਰਸਤਾ ਚਲਾ ਗਿਆ ਸੀ। "ਉਹ ਆਪਣੀ ਕਹਾਣੀ ਨੂੰ ਯਾਦ ਕਰਨ ਦੇ ਯੋਗ ਸੀ। ਇਹ ਸਾਡੇ ਲਈ ਥੋੜਾ ਜਿਹਾ ਅੱਖ ਖੋਲ੍ਹਣ ਵਾਲਾ ਸੀ। "

ਵ੍ਹਾਈਟ ਨੇ ਕਿਹਾ ਕਿ ਇੱਕ ਦਿਨ ਦੀ ਮੱਛੀ ਫੜਨ ਤੋਂ ਬਾਅਦ "ਤੁਸੀਂ ਹਮੇਸ਼ਾ ਘਰ ਆਉਣ ਦੀ ਉਮੀਦ ਕਰਦੇ ਹੋ ਅਤੇ ਉਸ ਮੱਛੀ ਬਾਰੇ ਗੱਲ ਕਰਨ ਦੀ ਉਮੀਦ ਕਰਦੇ ਹੋ ਜੋ ਤੁਸੀਂ ਵੇਖੀ ਸੀ ਅਤੇ ਜਿਹੜੀ ਮੱਛੀ ਤੁਸੀਂ ਫੜੀ ਸੀ"। ਘਰ ਜਾ ਕੇ ਆਪਣੇ ਪਰਿਵਾਰ ਨੂੰ ਦੱਸਣ ਦੇ ਯੋਗ ਹੋਣਾ ਕਿ ਉਸਨੇ ਇੱਕ ਆਦਮੀ ਨੂੰ ਪਾਣੀ ਤੋਂ ਬਚਾਉਣ ਵਿੱਚ ਮਦਦ ਕੀਤੀ ਸੀ, ਇੱਕ ਬਿਲਕੁਲ ਨਵੀਂ ਸਥਿਤੀ ਸੀ।ਅੱਜ ਸਵੇਰੇ ਇਹ ਸੁਣਨਾ ਕਿ ਫ੍ਰਾਂਸੇਨ ਵਧੀਆ ਪ੍ਰਦਰਸ਼ਨ ਕਰ ਰਿਹਾ ਸੀ, ਵ੍ਹਾਈਟ ਲਈ ਬਹੁਤ ਖੁਸ਼ ਸੀ. "ਉਸਨੂੰ ਯਾਦ ਆਇਆ ਕਿ ਮੈਂ ਉਸਦੀ ਰਾਤ ਨੂੰ ਸ਼ਾਰਕ ਦੁਆਰਾ ਥੋੜੀ ਦੇਰ ਲਈ ਚੱਕਰ ਲਗਾਉਣ ਦੇ ਸੰਦਰਭ ਵਿੱਚ ਅਨੁਮਾਨ ਲਗਾਇਆ। ਉਹ ਲਗਭਗ ਦੋ ਦਿਨਾਂ ਤੋਂ ਜਾਗ ਰਿਹਾ ਸੀ, ਮੇਰਾ ਅਨੁਮਾਨ ਹੈ ਕਿ ਤੁਸੀਂ ਸੌਣਾ ਨਹੀਂ ਚਾਹੁੰਦੇ ਹੋ ਜੇ ਤੁਸੀਂ ਆਪਣੇ ਆਪ ਨੂੰ ਸੁਰੱਖਿਅਤ ਰੱਖਣ ਦੀ ਕੋਸ਼ਿਸ਼ ਕਰ ਰਹੇ ਹੋ। ਇਹ ਘਟਨਾ ਪਾਣੀ ਦੀ ਸੁਰੱਖਿਆ ਬਾਰੇ ਇੱਕ ਚੰਗੀ ਯਾਦ ਦਿਵਾਉਂਦੀ ਸੀ।

ਵ੍ਹਾਈਟ ਨੇ ਕਿਹਾ ਕਿ ਲੋਕਾਂ ਨੂੰ ਦੂਜਿਆਂ ਨੂੰ ਇਹ ਦੱਸਣਾ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਹ ਕਿੱਥੇ ਜਾ ਰਹੇ ਸਨ ਅਤੇ ਕਦੋਂ ਉਨ੍ਹਾਂ ਦੀ ਵਾਪਸੀ ਦੀ ਉਮੀਦ ਕਰਨੀ ਹੈ। ਅਤੇ ਉਹਨਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਹਨਾਂ ਕੋਲ ਲੋੜੀਂਦਾ ਗੇਅਰ ਸੀ ਅਤੇ ਇਹ ਉਹਨਾਂ ਲਈ ਪਹੁੰਚਯੋਗ ਸੀ। "ਅਜੀਬ ਹਾਦਸੇ ਵਾਪਰਦੇ ਹਨ." ਵ੍ਹਾਈਟ ਸ਼ੁਕਰਗੁਜ਼ਾਰ ਸੀ ਕਿ ਉਸਦੇ ਦੋਸਤਾਂ ਨੇ ਫ੍ਰਾਂਸੇਨ ਦੀ ਘੜੀ ਤੋਂ ਪ੍ਰਤੀਬਿੰਬ ਦੇਖਿਆ ਅਤੇ ਜਾਂਚ ਕਰਨ ਦਾ ਫੈਸਲਾ ਕੀਤਾ। ਉਹਨਾਂ ਸਾਰਿਆਂ ਨੇ "ਕੀ ਜੇ" ਬਾਰੇ ਸੋਚਿਆ ਸੀ, ਪਰ ਖੁਸ਼ੀ ਸੀ ਕਿ ਉਹ ਜਾਂਚ ਕਰਨ ਗਏ ਸਨ। "ਅਸੀਂ ਸਹੀ ਸਮੇਂ 'ਤੇ ਸਹੀ ਕਿਸ਼ਤੀ ਸੀ."



# ਸੁੰਦਰਤਾ ਜਾਂ ਸੁਹੱਪਣ ਦਾ ਬੋਧ

ਅਧੁਨਿਕਤਾ ਦੇ ਮਨੋਹਰ ਆਂਚਲ (ਪਰਦੇ) ਵਿਚ ਸਿਮਟਿਆ ਨਾਰੀ ਦਾ ਸ਼ਿੰਗਾਰ, ਵਿਸ਼ਵ ਸੁੰਦਰੀ ਬਣਨ ਦੇ ਸੁਪਨਿਆਂ ਨੂੰ ਸੰਵਾਰਦੇ ਰੂਪ ਨਿਖਾਰਦੇ ਪ੍ਰਸਾਧਨ ਉਸਦੇ ਨਾਰੀਤਵ ਨੂੰ ਨਸ਼ਟ ਕਰਦੇ ਹੋਏ, ਉਸਨੂੰ ਪਰੀਆਂ ਵਰਗੀ ਦਿੱਖ ਪ੍ਰਦਾਨ ਕਰ ਰਹੇ ਹਨ।

ਸੁੰਦਰਤਾ ਦੀ ਅਭਿਵਿਅਕਤੀ ਹੈ-ਆਕਰਸ਼ਣ ਭਾਵ ਖਿੱਚ ਅਤੇ ਇਹ ਅਕਾਰਸ਼ਣ ਜਾਂ ਖਿੱਚ ਪੈਦਾ ਹੁੰਦੇ ਹਨ-ਜਦੋਂ ਸੁੰਦਰ ਤਨ ਹੋਵੇ, ਨਿਰਮਲ ਮਨ ਹੋਵੇ, ਰੋਗ ਮੁਕਤ ਸਰੀਰ ਅਤੇ ਸੁਰੱਖਿਅਤ ਜੀਵਨ ਹੋਵੇ। ਸੁਹੱਪਣ ਦਾ ਅਰਥ ਹੈ-ਸੋਹਣਾ ਲੱਗਣਾ। ਅਸੀਂ ਸਾਰੇ ਇਕ ਦੂਜੇ ਨੂੰ ਸੋਹਣਾ ਲੱਗਦੇ ਹੋਏ ਵੇਖਣਾ ਚਾਹੁੰਦੇ ਹਾਂ। ਔਰਤ ਹੋਵੇ ਜਾਂ ਮਰਦ, ਸਾਰੇ ਸੁੰਦਰ, ਸੁਨੱਖੇ, ਆਕਰਸ਼ਕ ਬਣੇ ਰਹਿਣਾ ਚਾਹੁੰਦੇ ਹਨ। ਜਿਹੋ ਜਿਹਾ ਕਿਸੇ ਦਾ ਸਰੀਰ ਹੈ, ਉਸਦਾ ਰੂਪ ਤੇ ਰੰਗ ਹੈ ਉਹ ਕੁਦਰਤੀ ਸੁਹੱਪਣ ਹੈ। ਕੁਦਰਤੀ ਸੁੰਦਰਤਾ ਦਾ ਅਰਥ ਹੈ-ਉਮਰ ਦੇ ਨਾਲ ਪ੍ਰਸੰਨ ਅਤੇ ਤੰਦਰੁਸਤ ਰਹਿਣਾ। ਬੱਚਾ ਚਾਹੇ ਕਾਲਾ ਹੋਵੇ ਜਾਂ ਗੋਰਾ, ਉਸਦੀ ਚਮੜੀ ਕੋਮਲ ਹੋਣ ਕਾਰਨ ਹੀ ਉਹ ਸੁੰਦਰ ਲੱਗਦਾ ਹੈ। ਜੇਕਰ ਵੱਡੇ ਹੋਣ ਤੇ ਵੀ ਅਸੀਂ ਬੱਚੇ ਦੀ ਤਰ੍ਹਾਂ ਆਪਣੀ ਚਮੜੀ ਕੋਮਲ ਅਤੇ ਸਰੀਰ ਲਚਕਦਾਰ ਬਣਾਈ ਰੱਖੀਏ ਤਾਂ ਇਹ ਸੁਹੱਪਣ ਸਭ ਤੋਂ ਉਚ ਪੱਧਰ ਦਾ ਹੈ। ਸੁੰਦਰਤਾ ਕੁਦਰਤ ਦੀ ਦੇਣ ਹੈ। ਹਮੇਸ਼ਾ ਨੌਜਵਾਨਾਂ ਵਰਗੇ ਦਿਖਦੇ ਰਹੀਏ, ਇਸਦੇ ਲਈ ਕਰੀਮ, ਪਾਊਡਰ, ਸ਼ੈਂਪੂ ਆਦਿ ਦੀ ਜ਼ਰੂਰਤ ਨਹੀਂ ਹੈ। ਸੱਚਾ-ਸੁੱਚਾ ਚਰਿੱਤਰ, ਨਿਯਮਤ ਯੋਗ ਜਾਂ ਕਸਰਤ, ਮਾਲਿਸ਼, ਢੁੱਕਵਾਂ ਖਾਣ-ਪਾਨ, ਭਰਪੂਰ ਨੀਂਦ, ਤਣਾਉ ਰਹਿਤ ਜਿੰਦਗੀ ਅਤੇ ਘਰੇਲੂ ਸਾਧਾਰਣ ਚੀਜਾਂ ਦੀ ਵਰਤੋਂ ਦੇ ਨਾਲ ਹੀ ਅਸੀਂ ਸਭ ਤੋਂ ਵੱਧ ਸੁੰਦਰ, ਸਨੁੱਖੇ ਅਤੇ ਸੋਹਣੇ ਬਣੇ ਰਹਾਂਗੇ। ਮਨ ਪ੍ਰਸੰਨ ਹੋਣ ਤੇ ਹੀ ਸੁਹੱਪਣ ਝਲਕਦਾ ਹੈ, ਇਹ ਗੱਲ ਲੜ ਬੰਨ੍ਹ ਲੈਣੀ ਚਾਹੀਦੀ ਹੈ।

ਸੁੰਦਰਤਾ ਰੂਪ, ਰੰਗ, ਸਡੌਲ ਸਰੀਰ ਵਿਚ ਹੀ ਸੰਪੂਰਣ ਨਹੀਂ ਹੁੰਦੀ। ਨਾਰੀ ਸੁੰਦਰਤਾ ਵਿਚ ਮਧੁਰਤਾ, ਪ੍ਰਫੁੱਲਤਾ, ਦਿਵਿਯਤਾ, ਹਰ ਕਾਰਜ ਨੂੰ ਪ੍ਰਸੰਨਤਾ ਨਾਲ ਖੁਸ਼ੀ-ਖੁਸ਼ੀ ਕਰਨ ਦੇ ਗੁਣ ਹੋਣ ਤੇ ਹੀ ਸੁੰਦਰਤਾ ਪਰੀ ਪੂਰਣ ਹੁੰਦੀ ਹੈ। ਏਸ ਹੀ ਤਰ੍ਹਾਂ ਪੁਰਸ਼ ਸਹੱਪਣ ਵਿਚ ਲੰਬਾ ਭਰਵਾਂ ਕੱਦ, ਚੌੜਾ ਮੱਥਾ, ਤੇਜੱਸਵੀ ਅੱਖਾਂ, ਉੱਭਰਿਆ ਹੋਇਆ ਸੀਨਾ ਲੰਬੇ ਹੱਥ ਤੇ ਬਾਹਾਂ, ਚਰਿੱਤਰ ਵਿਚ ਕਾਰਜ-ਨਿਸ਼ਠਤਾ, ਦ੍ਰਿੜਤਾ ਮਰਦਾਨਾ ਸ਼ਕਤੀ, ਹਿੰਮਤ ਅਤੇ ਸੰਘਰਸ਼ਾਂ ਨਾਲ ਜੂਝਣ ਦੀ ਸਮਰੱਥਾ ਹੋਣੀ ਚਾਹੀਦੀ ਹੈ।

ਚਿਹਰੇ ਤੇ ਸੁੰਦਰਤਾ ਬਾਹਰੀ ਪਦਾਰਥਾਂ ਨਾਲ ਨਹੀਂ ਝਲਕਦੀ। ਇਸਦਾ ਸੰਬੰਧ ਅੰਤਰਮਨ ਨਾਲ ਹੁੰਦਾ ਹੈ। ਤੁਸੀਂ ਰੱਜਵਾਂ ਪਿਆਰ ਕਰੋ, ਦੂਜਿਆਂ ਦੇ ਪ੍ਰਤੀ ਵਫਾਦਾਰ ਰਹੋ, ਸੁਹਿਰਦ ਰਹੋ ਅਤੇ ਦੂਜਿਆਂ ਦੇ ਦੁੱਖ ਨੂੰ ਆਪਣਾ ਦੁੱਖ ਸਮਝੋ। ਖੁਦ ਪ੍ਰਸੰਨ ਰਹੋ ਅਤੇ ਦੂਜਿਆਂ ਨੂੰ ਪ੍ਰਸੰਨ ਰੱਖੋ। ਵਿਨੋਦੀ ਸੁਭਾਅ ਦੇ ਬਣੋ। ਜਿੰਦਗੀ ਵਿਚ ਸੰਤੋਖੀ, ਸਬਰ ਵਾਲੇ ਬਣੋ। ਦੂਜਿਆਂ ਤੇ ਵਿਸ਼ਵਾਸ ਕਰੋ। ਆਸ਼ਾਵਾਦੀ ਬਣੋ। ਮੁਸਕਰਾਉਂਦੇ ਰਹਿਣ ਦੀ ਆਦਤ ਪਾਵੋ। ਵਿਵੇਕ, ਤਰਕ, ਬੁੱਧੀ ਨਾਲ ਸਮੱਸਿਆਵਾਂ ਦਾ ਹੱਲ ਕਰੋ। ਚਰਿੱਤਰ ਦੇ ਅੰਤਰਿਕ (ਅੰਦਰੂਨੀ) ਗੁਣ ਤੁਹਾਡੇ ਚਿਹਰੇ ਨੂੰ ਆਕਰਸ਼ਕ ਬਣਾਈ ਰੱਖਣਗੇ। ਚਿੰਤਾਵਾਂ ਸਾਡੇ ਚਿਹਰੇ ਦੇ ਆਕਰਸ਼ਣ ਨੂੰ ਘਟਾਉਂਦੀਆਂ ਹਨ। ਚਿੰਤਾਵਾਂ ਨਾਲ ਪ੍ਰੋਟੀਨ ਦੇ ਨਿਰਮਾਣ ਵਿਚ ਰੋਕਾਂ ਪੈਂਦੀਆਂ ਹਨ, ਇਸ ਲਈ ਜੀਵਨ ਸਾਕਾਰਾਤਮਕ ਹੋਵੋ, ਹਮੇਸ਼ਾ ਇਹ ਹੀ ਸੋਚੋ ਕਿ ਜੋ ਵੀ ਹੋਵੇਗਾ ਚੰਗਾ ਹੀ ਹੋਵੇਗਾ। ਇਹ ਸੁੰਦਰਤਾ ਪ੍ਰਾਪਤੀ ਦਾ ਮਾਰਗ ਹੈ।

ਸੁਹੱਪਣ ਜਾਂ ਸੁੰਦਰਤਾ ਦੇ ਪ੍ਰਮੁੱਖ ਮਾਪਦੰਡਾਂ ਵਿਚ ਸ਼ਾਮਲ ਹੁੰਦੇ ਹਨ - ਸਡੌਲ ਗੁੰਦਵਾਂ ਸਰੀਰ, ਸੋਨੇ ਵਰਗੇ ਵਾਲ (ਕੇਸ), ਚਾਂਦੀ ਵਰਗਾ ਰੰਗ, ਮੋਤੀਆਂ ਵਰਗੇ ਦੰਦ, ਗੁਲਾਬ ਦੇ ਫੁੱਲ ਵਰਗਾ ਖਿੜਿਆ ਰਹਿਣ ਵਾਲਾ ਮੂੰਹ (ਚਿਹਰਾ), ਬੇਲੋੜੇ ਵਾਲ ਨਾ ਹੋਣਾ, ਗਰਦਨ ਰਿਸ਼ਟ-ਪੁਸ਼ਟ ਪਤਲੀ ਤੇ ਲੰਬੀ ਹੋਵੇ, ਕਮਰ ਭਾਵ ਲੱਕ ਪਤਲਾ, ਲੱਤਾਂ ਮਾਂਸਲ ਅਤੇ ਹਾਥੀ ਦੇ ਸੁੰਡ ਦੀ ਤਰ੍ਹਾਂ ਉਪਰ ਤੋਂ ਮੋਟੀਆਂ ਹੁੰਦੀਆਂ ਹੋਈਆਂ ਪੈਰਾਂ ਤੱਕ ਪਤਲੀਆਂ ਦੇ ਅਨੁਪਾਤ ਵਿਚ ਹੋਣ ਅਤੇ ਛੋਹਣ ਤੇ ਚਿਕਨੀਆਂ ਲੱਗਦੀਆਂ ਹੋਣ। ਬੋਲ ਬਾਣੀ ਮਧੁਰ ਮਿੱਠੀ ਹੋਵੇ।

ਗੁਰਬਾਣੀ ਵਿਚ ਵੀ ਨਾਰੀ ਦੇ ਗੁਣਾਂ ਦਾ ਵਰਣਨ ਮਿਲਦਾ ਹੈ।



# ਕੁੜਮਾਈ



ਸਾਡੇ ਸਭਿਆਚਾਰ ਵਿਚ ਜਨਮ ਵੇਲੇ ਤੋਂ ਹੀ ਧੀ ਦੇ ਮਾਪਿਆਂ ਨੂੰ ਉਸ ਦੇ ਵਿਆਹ ਦੀ ਚਿੰਤਾ ਲੱਗ ਜਾਂਦੀ ਹੈ ਅਤੇ ਪੁੱਤਰ ਦੇ ਮਾਪਿਆਂ ਦੇ ਦਿਲ ਵਿਚ ਉਸ ਨੂੰ ਘੋੜੀ ਚੜ੍ਹਾਉਣ ਦਾ ਚਾਅ ਉਛਾਲੇ ਲੈਣ ਲੱਗ ਪੈਂਦਾ ਹੈ। ਪਹਿਲਾਂ-ਪਹਿਲ ਕੁੜੀ ਦੇ ਜਵਾਨ ਹੁੰਦਿਆਂ ਹੀ ਮਾਪਿਆਂ ਵਲੋਂ ਨਾਈ ਰਾਹੀਂ ਯੋਗ ਵਰ ਲੱਭ ਕੇ, ਉਸਦੇ ਹੱਥ ਰੁਪਈਆ ਘੱਲ ਕੇ ਕੁੜਮਾਈ ਕਰ ਲਈ ਜਾਂਦੀ ਸੀ। ਇਸ ਨੂੰ ਰੋਕਾ ਵੀ ਕਿਹਾ ਜਾਂਦਾ ਸੀ। ਨਾਈ ਦੋਵਾਂ ਪਰਿਵਾਰਾਂ ਦੀ ਹੈਸੀਅਤ ਮੁਤਾਬਿਕ ਰਿਸ਼ਤਾ ਲੱਭਦੇ ਹੋਏ ਪੰਜਾਬੀ ਦੇ ਅਖਾਣ 'ਮੱਝ ਲਾਣੇ ਦੀ ਅਤੇ ਧੀ ਘਰਾਣੇ ਦੀ' 'ਤੇ ਫੁੱਲ ਚੜ੍ਹਾਉਣਾ ਆਪਣਾ ਪਰਮ ਕਰਤੱਵ ਸਮਝਦਾ ਸੀ। ਉਹ ਰਿਸ਼ਤਾ ਲੱਭਦੇ ਵਕਤ ਇਮਾਨਦਾਰੀ ਨਾਲ਼ ਖ਼ਾਨਦਾਨ ਦੀ ਪੜਚੋਲ ਕਰਦਾ ਸੀ। ਉਹ ਆਪਣੀ ਪੂਰੀ ਤਸੱਲੀ ਤੋਂ ਬਾਅਦ ਰਿਸ਼ਤੇ ਦੀ ਦੱਸ ਪਾਉਂਦਾ ਸੀ। ਇਸ ਤੋਂ ਬਾਅਦ ਵਿਚ ਕੁੜੀ ਵਾਲੇ ਮਖਾਣੇ, ਰੁਪਈਏ, ਪੰਜ ਮਿਸ਼ਰੀ ਦੇ ਕੂਜੇ, ਪੰਜ ਛੁਆਰੇ, ਕੇਸਰ ਆਦਿ ਲੈ ਕੇ ਮੁੰਡੇ ਵਾਲੇ ਘਰ ਪੁੱਜਦੇ ਸਨ। ਮੁੰਡੇ ਵਾਲੇ ਘਰ ਰਿਸ਼ਤੇਦਾਰ ਇੱਕਠੇ ਹੁੰਦੇ ਸਨ। ਮੁੰਡਾ ਮੰਗ ਲਿਆ ਸਮਝਿਆ ਜਾਂਦਾ ਸੀ। ਪੰਡਿਤ ਨੂੰ ਪੁੱਛ ਕੇ ਕਈ ਵਾਰੀ ਛੇ ਮਹੀਨੇ ਜਾਂ ਸਾਲ ਤੱਕ ਵਿਆਹ ਦੀ ਤਾਰੀਖ਼ ਮੁਕੱਰਰ ਕੀਤੀ ਜਾਂਦੀ ਸੀ। ਇਸ ਨੂੰ ਸਾਹਾ ਕਢਾਉਣਾ ਵੀ ਕਿਹਾ ਜਾਂਦਾ ਸੀ। ਦੇਖਣ-ਦਿਖਾਉਣ ਦਾ ਰਿਵਾਜ ਉੱਕਾ ਹੀ ਨਹੀਂ ਹੁੰਦਾ ਸੀ। ਇਸ ਤੋਂ ਬਾਅਦ ਬਲੈਕ ਐਂਡ ਵਾਈਟ ਫ਼ੋਟੋ ਦਿਖਾ ਕੇ ਵਿਚੋਲੇ ਰਾਹੀਂ, ਰਸਤੇ-ਕੰਢੇ, ਕਿਸੇ ਮੇਲੇ-ਮੁਸਾਬੇ ਜਾਂ ਕਿਸੇ ਮੁਕਰੱਰ ਥਾਂ 'ਤੇ ਦੂਰੋਂ ਹੀ ਮੁੰਡੇ ਨੂੰ ਕੁੜੀ ਅਤੇ ਕੁੜੀ ਨੂੰ ਮੁੰਡਾ ਦਿਖਾ ਕੇ ਉਨ੍ਹਾਂ ਦੀ ਰਾਇ ਪੁੱਛੀ ਜਾਣ ਲੱਗੀ ਸੀ।

ਸਮੇਂ ਦੇ ਨਾਲ ਇਸ ਰਸਮ ਵਿਚ ਵੱਡੀ ਤਬਦੀਲੀ ਆਈ ਹੈ। ਹੁਣ ਰਿਸ਼ਤੇ ਅਖ਼ਬਾਰੀ ਇਸ਼ਤਿਹਾਰਾਂ ਰਾਹੀਂ, ਮੈਰਿਜ ਏਜੰਸੀਆਂ ਦੁਆਰਾ ਜਾਂ ਆਪਣੀ ਪਸੰਦ ਦੇ ਹੀ ਕਰਵਾਏ ਜਾਂਦੇ ਹਨ। ਨਵੀਂ ਪੀੜ੍ਹੀ ਪ੍ਰੇਮ ਵਿਆਹ ਨੂੰ ਤਰਜ਼ੀਹ ਦੇ ਰਹੀ ਹੈ। ਅੱਜ ਮੁੰਡੇ-ਕੁੜੀ ਵਲੋਂ ਆਪਣੀ ਪਸੰਦ ਮਾਂ-ਬਾਪ ਨੂੰ ਦੱਸ ਦਿੱਤੀ ਜਾਂਦੀ ਹੈ ਅਤੇ ਮਾਪੇ ਉਨ੍ਹਾਂ ਦੇ ਪਿਆਰ ਨੂੰ ਸਮਝਦੇ ਹੋਏ ਵਿਆਹ ਲਈ ਰਾਜੀ ਹੁੰਦੇ ਹੋਏ ਵਿਆਹ (ਅਰੇਂਜ ਮੈਰਿਜ) ਕਰਦੇ ਹਨ। ਸਮਾਜ ਵੀ ਇਸ ਨੂੰ ਸਵੀਕਾਰ ਕਰ ਰਿਹਾ ਹੈ। ਅਜੋਕੇ ਸਮੇਂ ਵਿਚ ਕੁੜੀ ਦਾ ਬਾਬਲ ਬਾਕੀ ਰਿਸ਼ਤੇਦਾਰਾਂ ਸਮੇਤ ਮੁੰਡੇ ਵਾਲ਼ੇ ਘਰ ਜਾਂ ਮੈਰਿਜ ਪੈਲੇਸ ਵਿਚ ਸ਼ਗਨ ਲੈ ਕੇ ਪਹੁੰਚਦਾ ਹੈ। ਇਸ ਰਸਮ ਦਾ ਉਦੇਸ਼ ਮੁੰਡੇ ਅਤੇ ਕੁੜੀ ਦਾ ਰਿਸ਼ਤਾ ਪੱਕਾ ਕਰਨਾ ਅਤੇ ਦੋਵਾਂ ਪਰਿਵਾਰਾਂ ਵਲੋਂ ਇਕ ਦੂਜੇ ਨਾਲ *ਰਿਸ਼ਤੇ ਨੂੰ ਗੰਢ ਦੇਣਾ ਹੀ ਹੈ। ਰਿਸ਼ਤਾ ਪੱਕਾ ਕਰਨ ਤੋਂ ਬਾਅਦ ਵਿਆਹ ਜਿੰਨੀ ਜਲਦੀ ਹੋ ਸਕੇ ਮੁਕਰੱਰ ਕੀਤਾ ਜਾਂਦਾ ਹੈ। ਕਈ ਵਾਰੀ ਕਈ ਥਾਵਾਂ ਤੇ ਮੰਗਣੀ ਦੀ ਰਸਮ ਤੇ ਵਿਆਹ ਜਿੰਨਾ ਖ਼ਰਚਾ ਹੀ ਹੋ ਜਾਂਦਾ ਹੈ। ਇਹ ਰਸਮ ਘਰ ਦੀ ਬਜਾਏ ਮੈਰਿਜ ਪੈਲੇਸ ਵਿਚ ਸਿਰਫ਼ ਸ਼ਾਨੋ-ਸ਼ੌਕਤ ਲਈ ਕੀਤੀ ਜਾਂਦੀ ਹੈ। ਇਹ ਰਸਮ ਇਕ ਤਰ੍ਹਾਂ ਨਾਲ ਧੀ ਦੇ ਮਾਪਿਆਂ ਲਈ ਵਾਧੂ ਖ਼ਰਚਾ ਹੈ। ਇਸਦੇ ਉਲਟ ਪਹਿਲੇ ਸਮਿਆਂ ਵਿਚ ਕੀਤੀ ਜਾਣ ਵਾਲੀ ਇਹ ਰਸਮ ਬਿਲਕੁਲ ਸਾਦ-ਮੁਰਾਦੀ ਹੁੰਦੀ ਸੀ। ਮੰਗਣੀ ਵੇਲੇ ਗਾਏ ਜਾਣ ਵਾਲੇ ਨਿਮਨ ਲਿਖਤ ਗੀਤਾਂ ਤੋਂ ਇਸਦਾ ਅਨੁਮਾਨ ਸਹਿਜੇ ਹੀ ਲਗਾਇਆ ਜਾ ਸਕਦਾ ਹੈ।

ਚੰਨਣ ਦੀ ਚੌਂਕੀ ਮੈਂ ਡਾਹੀ ਵੀਰਾ,  
ਉੱਤੇ ਬੈਠਾ ਵੇ ਤੂੰ।  
ਮੁੱਖ ਤਾਂ ਉੱਚਾ ਚੁੱਕ ਵੇ,  
ਤੇਰੇ ਸਹੁਰੇ ਨੂੰ ਦਿਖਾ ਦੇ ਮੂੰਹ।

ਮੈਂ ਤਾਂ ਹੁਣ ਸੁਣਿਆਂ,  
ਮੰਗਣਾਂ ਤਾਂ ਹੋ ਗਿਆ ਵੇ ਜੋਗੀਆ!  
ਸੁਣ-ਸੁਣ ਹੋਈ ਦਿਲਗੀਰ,  
ਲੱਗੀਆਂ ਨੂੰ ਨਾ ਤੋੜੀਏ।  
ਬਾਗ਼ਾਂ 'ਚ ਲੱਗੇ ਆ 'ਖ਼ਰੋਟ,  
ਛੰਮ-ਛੰਮ ਕਿਉਂ ਰੋਨੀ ਏਂ?  
ਐਵੇਂ ਕਹੇਂ ਭੁੱਲੇ ਲੋਕ,  
ਜਿੰਦੇ ਨੀ ਮੇਰੀਏ।

ਸਾਡੀ ਵਾੜ ਪੁਰਾਣੀ ਸੀ,  
ਉਹਦੇ ਉੱਤੇ ਅਸਰ ਪਿਆ।  
ਪੋਤਾ ਬਾਬੇ ਦਾ ਮੰਗਿਆ,  
ਝੋਲੀ ਉਹਦੇ ਸ਼ਗਨ ਪਿਆ।  
ਸਾਡੀ ਵਾੜ ਪੁਰਾਣੀ ਸੀ,  
ਉਹਦੇ ਉੱਤੇ ਅਸਰ ਪਿਆ।  
ਦੋਹਤਾ ਨਾਨੇ ਦਾ ਮੰਗਿਆ,  
ਝੋਲੀ ਉਹਦੇ ਸ਼ਗਨ ਪਿਆ।  
ਸਾਡੀ ਵਾੜ ਪੁਰਾਣੀ ਸੀ,  
ਉਹਦੇ ਉੱਤੇ ਅਸਰ ਪਿਆ।  
ਬੇਟਾ ਬਾਬਲ ਦਾ ਮੰਗਿਆ,  
ਝੋਲੀ ਉਹਦੇ ਸ਼ਗਨ ਪਿਆ।  
ਸਾਡੀ ਵਾੜ ਪੁਰਾਣੀ ਸੀ,  
ਉਹਦੇ ਉੱਤੇ ਅਸਰ ਪਿਆ।  
ਭਤੀਜਾ ਚਾਚੇ ਦਾ ਮੰਗਿਆ,  
ਝੋਲੀ ਉਹਦੇ ਸ਼ਗਨ ਪਿਆ।

ਸੁੱਖ ਵੰਡਾਂ ਸੁੱਖ ਸੀਰਨੀ,  
ਵੀਰਾ ਵੇ-ਵੇ ਕੋਈ।  
ਸੁੱਖ ਦਾ ਵੰਡਾਂ ਵੇ ਪਰਸ਼ਾਦ,  
ਭਰ ਭਰ ਵੰਡਾਂ ਥਾਲੀਆਂ।  
ਵੇ ਮੇਰਾ ਪੂਰਨ ਹੋਇਆ,  
ਵੇ ਜੁੱਗ ਜੀਊਣਿਆਂ ਵੇ ਕਾਜ।

*ਰਿਸ਼ਤੇ ਨੂੰ ਗੰਢ ਦੇਣਾ-ਰਿਸ਼ਤਾ ਪੱਕਾ ਕਰਨਾ

# ਵਿਆਹ ਦੀਆਂ ਰਸਮਾਂ ਅਤੇ ਗੀਤ

ਹਰ ਇਨਸਾਨ ਦੀ ਜ਼ਿੰਦਗੀ ਵਿਚ ਵਿਆਹ ਦਾ ਇਕ ਵਿਸ਼ੇਸ਼ ਮਹੱਤਵ ਹੈ। ਇਹ ਦੋ ਜੀਵਾਂ ਅਰਥਾਤ ਦੋ ਰੂਹਾਂ ਦਾ ਆਪਸੀ ਸੁਮੇਲ ਹੈ। ਇਸ ਨੂੰ ਜਿਸਮਾਨੀ ਅਤੇ ਰੂਹਾਨੀ ਲੋੜ ਵੀ ਕਿਹਾ ਜਾ ਸਕਦਾ ਹੈ। ਜਵਾਨੀ ਦੀ ਦਹਿਲੀਜ਼ ਤੇ ਪੈਰ ਧਰਦੇ ਹੀ ਮੁੰਡਾ ਅਤੇ ਕੁੜੀ ਇਕ ਦੂਜੇ ਵੱਲ ਆਕ੍ਰਸ਼ਿਤ ਹੋਣ ਲੱਗ ਪੈਂਦੇ ਹਨ। ਮਾਪੇ ਵੀ ਬੱਚਿਆਂ ਵਿਚ ਆਈ ਇਸ ਤਬਦੀਲੀ ਨੂੰ ਮਹਿਸੂਸ ਕਰਦੇ ਹੋਏ ਯੋਗ ਰਿਸ਼ਤਾ ਲੱਭਣ ਲੱਗ ਪੈਂਦੇ ਹਨ। ਇਹ ਬੰਧਨ ਸਿਰਫ਼ ਦੋ ਜੀਵਾਂ ਨੂੰ ਹੀ ਨਹੀਂ ਸਗੋਂ ਦੋ ਪਰਿਵਾਰਾਂ ਨੂੰ/ਦੋ ਧਿਰਾਂ ਨੂੰ ਰਿਸ਼ਤਿਆਂ ਵਿਚ ਬੰਨ੍ਹਦਾ ਹੈ।

ਡਾ. ਰਾਜਵੰਤ ਕੌਰ ਪੰਜਾਬੀ ਅਨੁਸਾਰ, "ਸਾਡੇ ਸਮਾਜ ਤੇ ਸਭਿਆਚਾਰ ਅਨੁਸਾਰ ਵਿਆਹ ਅਜੇ ਵੀ ਮੁੱਖ ਤੌਰ ਤੇ ਧਾਰਮਿਕ ਸੰਸਕਾਰ ਹੈ। ਧਾਰਮਿਕ ਸੰਸਕਾਰ ਤੋਂ ਮੇਰੀ ਮੁਰਾਦ ਹੈ ਕਿ ਵਿਆਹ ਦੀ ਮੁੱਖ ਰਸਮ ਲਾਵਾਂ-ਫੇਰਿਆਂ ਜਾਂ *ਸੀਗੇ ਦੀ ਤਿਲਾਵਤ ਨਾਲ ਸੰਪੰਨ ਹੁੰਦੀ ਹੈ ਜਦੋਂ ਕਿ ਬਾਕੀ ਰਸਮਾਂ ਦੀ ਭੂਮਿਕਾ ਗੌਣ ਹੁੰਦੀ ਹੈ।"

ਪੰਜਾਬੀ ਸਭਿਆਚਾਰ ਵਿਚ ਵਿਆਹ ਇਕ ਚਾਵਾਂ ਲੱਦੀ ਰਸਮ ਦਾ ਨਾਂ ਹੈ। ਇਹ ਰਸਮ ਹਰ ਧੀ ਦੇ ਮਾਪੇ ਆਪਣੀ ਨਾਜ਼ਾਂ ਨਾਲ ਪਾਲੀ ਧੀ ਨੂੰ ਪੇਕੇ ਘਰ ਤੋਂ ਸਹੁਰੇ ਘਰ ਪ੍ਰਵੇਸ਼ ਕਰਵਾਉਣ ਲਈ ਆਪਣੇ



ਰਿਸ਼ਤੇਦਾਰਾਂ ਨਾਲ ਸਮੂਹਿਕ ਰੂਪ ਵਿਚ ਨਿਭਾਉਂਦੇ ਹਨ। ਇਸ ਤਰ੍ਹਾਂ ਹੀ ਪੁੱਤਰ ਵਾਲੇ ਇਸ ਰਸਮ ਨੂੰ ਆਪਣੇ ਪੁੱਤਰ ਨੂੰ ਵਿਆਹੁਣ ਲਈ, ਨੂੰਹ ਨੂੰ ਆਪਣੇ ਪਰਿਵਾਰ ਦਾ ਹਿੱਸਾ ਬਣਾਉਣ ਲਈ ਆਪਣੇ ਸਾਕ-ਸੰਬਧੀਆਂ ਨਾਲ ਮਿਲ ਕੇ ਸੰਪੂਰਨ ਕਰਦੇ ਹਨ।

ਅਸੀਂ ਇਸ ਗੱਲ ਤੋਂ ਮੁਨਕਰ ਨਹੀਂ ਹੋ ਸਕਦੇ ਕਿ ਪੰਜਾਬੀ ਸਭਿਆਚਾਰ ਵਿਚ ਵਿਆਹ ਤੋਂ ਪਹਿਲਾਂ ਧੀ ਨੂੰ ਬੇਗਾਨਾ ਧੰਨ ਹੀ ਮੰਨਿਆਂ ਅਤੇ ਕਿਹਾ ਜਾਂਦਾ ਹੈ। ਸਹੁਰੇ ਘਰ ਵੀ ਉਸ ਨੂੰ ਪਰਾਈ ਹੀ ਸਮਝਿਆ ਜਾਂਦਾ ਹੈ। ਉਹ ਤਾਂ ਸਾਰੀ ਉਮਰ ਪਰਾਈ ਹੀ ਕਹਾਉਂਦੀ ਹੈ ਪਰ ਉਸ ਦੀ ਕੁੱਖੋਂ ਜਨਮ ਲੈਣੇ ਵਾਲੇ ਪੁੱਤਰ ਘਰ ਦੇ ਵਾਰਿਸ ਕਹਾਉਂਦੇ ਹਨ। ਉਸ ਨੂੰ ਵੰਸ਼ ਵਧੂ ਜਾਂ ਕੁੱਲ ਵਧੂ ਤਾਂ ਕਿਹਾ ਜਾਂਦਾ ਹੈ ਪਰ ਆਪਣਾ ਸਮਝਣ ਵਿਚ ਬਹੁਤ ਦਿੱਕਤ ਆਉਂਦੀ ਹੈ। ਇਹ





ਜ਼ਿਕਰ ਵਿਆਹ ਦੇ ਲੋਕ ਗੀਤਾਂ ਵਿਚ ਵਾਰ-ਵਾਰ ਆਉਂਦਾ ਹੈ। ਹਰਜਿੰਦਰ ਕੰਗ ਦੀਆਂ ਨਿਮਨਲਿਖਤ ਸਤਰਾਂ ਸਾਡੇ ਸਭਿਆਚਾਰ ਵਿਚ ਧੀਆਂ ਦੀ ਇਸ ਸਥਿਤੀ ਨੂੰ ਬਾਖ਼ੂਬੀ ਪੇਸ਼ ਕਰਦੀਆਂ ਹਨ:

ਕੁੜੀਆਂ ਚਿੜੀਆਂ ਹੁੰਦੀਆਂ ਨੇ ਪਰ, ਪਰ  
ਨਈਂ ਹੁੰਦੇ ਕੁੜੀਆਂ ਦੇ  
ਪੇਕੇ ਸਹੁਰੇ ਹੁੰਦੇ ਨੇ ਕਿਉਂ ਘਰ ਨਈਂ ਹੁੰਦੇ  
ਕੁੜੀਆਂ ਦੇ...

*ਸੀਗੇ ਦੀ ਤਿਲਾਵਤ —ਕੁਰਾਨ ਸ਼ਰੀਫ਼ ਦੀਆਂ ਆਇਤਾਂ ਜੋ ਨਿਕਾਹ ਵਕਤ ਪੜ੍ਹੀਆਂ ਜਾਂਦੀਆਂ ਹਨ।


-ਨੀਲਮ ਸੈਣੀ

# WHITE ROSE BUILDERS

*We do not build houses, We create homes...*

## *Proudly Celebrating*

# 20 Years in Business



# DREAMLINE HOMES

**Turning dreams into reality**

- Free Design*
- New Homes
- Design & Build
- Sub Division
- Additions
- Alterations
- Renovations
- Residential
- Commercial

**- Fixed Price Contract - On Time Completion - No Hidden Costs**

LICENSED BUILDING PRACTITIONER • www.dbh.govt.nz • BUILDING CONFIDENCE

New Zealand Certified Builders Association NZCB 20 Years of Turning Dreams Into Reality

Halo 10 YEAR RESIDENTIAL GUARANTEE INSURANCE

138P, Plunket Ave, P O Box 76-879 Manukau-2241, New Zealand

+64 9 271 3162 +64 274 483 758 info@dreamline.co.nz www.dreamline.co.nz

100% NZ OWNED & OPERATED